# ਕੈਨੇਡਾ ਦਰਪਣ

ਜਨਵਰੀ 29, 1988

**January 29, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 60¢ Weekending January 29, 1988 Vol. 07, No. 04 Out of Greater Vancouver 75¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, SURREY, B.C. V3T 4W8 Ph. (604) 581-4473

## ਪੰਜਾਬ 'ਚ 20 ਦਿਨਾਂ 'ਚ 79 ਕਤਲ

# ਪੰਜਾਬ 'ਚ ਦਹਿਸ਼ਤ ਦਾ ਬੋਲਬਾਲਾ

**ਚੰਡੀਗੜ੍ਹ** — ਪੰਜਾਬ ਵਿਚ ਇਨ੍ਹਾਂ ਦਿਨਾਂ ਵਿਚ ਖੂਨ ਦੀ ਹੋਲੀ ਖੇਡੀ ਜਾਣ ਦੀਆਂ ਖਬਰਾਂ ਮਿਲੀਆਂ ਹਨ। ਪਿਛਲੇ 20 ਦਿਨਾਂ ਵਿਚ 79 ਕਤਲ ਹੋ ਚੁਕੇ ਹਨ। ਕਤਲ ਹੋਣ ਵਾਲਿਆਂ ਵਿਚ ਦੋਵਾਂ ਹੀ ਫਿਰਕਿਆਂ ਦੇ ਲੋਕ ਸ਼ਾਮਲ ਹਨ। ਮੋਟਰ ਸਾਈਕਲ 'ਤੇ ਸਵਾਰ ਦੋ ਦਹਿਸ਼ਤਗਰਦਾਂ ਨੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਪੁਲਸ ਇਨਸਪੈਕਟਰ ਪ੍ਰੇਮ ਨਾਥ ਅਤੇ ਉਸਦੀ ਪਤਨੀ ਨਿਰਮਲਾ ਦਾ ਕਤਲ ਕਰ ਦਿੱਤਾ। ਇਕ ਹੋਰ ਹਮਲੇ ਵਿਚ ਨਡਿਆਲਾ ਨਾਜਰ ਦੇ ਸ਼ੰਕਰ ਸਿੰਘ ਦੇ ਘਰ ਉਤੇ ਹਮਲਾ ਕੀਤਾ ਗਿਆ ਤੇ ਘਰ ਦੇ ਅੱਠ ਜੀਅ ਕਤਲ ਕਰ ਦਿੱਤੇ ਗਏ। ਦਹਿਸ਼ਤਗਰਦਾਂ ਦੀ ਬੋਲੀ ਵਿਚ 'ਮੁਖਬਰਾਂ' ਦਾ ਸਫ਼ਾਇਆ ਕੀਤਾ ਗਿਆ।

### ਹਿੰਦੂ ਪ੍ਰਵਾਰ ਦੇ ਪੰਜ ਜੀਅ ਕਤਲ

ਐਤਵਾਰ ਦੇ ਦਿਨ ਇਕ ਹਿੰਦੂ ਪ੍ਰਵਾਰ ਦੇ ਪੰਜ ਜੀਅ ਕਤਲ ਕੀਤੇ ਗਏ ਅਤੇ ਸੋਮਵਾਰ ਨੂੰ ਪੰਜਾਬ ਵਿਚ ਸੱਤ ਕਤਲ ਹੋਏ। ਗੁਰਦਾਸਪੁਰ ਵਿਚ ਇਕ ਸਕੂਲ ਅਧਿਆਪਕ ਜਰਨੈਲ ਸਿੰਘ ਕਤਲ ਕਰ ਦਿੱਤਾ ਗਿਆ ਅਤੇ ਇਕ ਸਿੱਖ ਪ੍ਰਵਾਰ ਦੇ ਤਿੰਨ ਜੀਅ ਕਤਲ ਕੀਤੇ ਗਏ ਜਿਨ੍ਹਾਂ ਵਿਚ ਧਰਮ ਸਿੰਘ ਨਾਂ ਦਾ ਵਿਅਕਤੀ ਵੀ ਸ਼ਾਮਲ ਸੀ।

### ਰਿਆਸਤੀ ਦੇ ਕਤਲ ਵਿਚ ਕੇਂਦਰੀ ਆਗੂ ਦਾ ਹੱਥ

ਇਥੋਂ ਪ੍ਰਾਪਤ ਖਬਰਾਂ ਅਨੁਸਾਰ ਸਾਬਕਾ ਵਜ਼ੀਰ ਤਰਲੋਚਨ ਸਿੰਘ ਰਿਆਸਤੀ ਦੇ ਕਤਲ ਵਿਚ ਇਕ ਕੇਂਦਰੀ ਵਜ਼ੀਰ ਦਾ ਹੱਥ ਦੱਸਿਆ ਜਾਂਦਾ ਹੈ। ਇਹ ਕਤਲ 10 ਜਨਵਰੀ ਨੂੰ ਲੁਧਿਆਣੇ ਦੇ ਨੇੜੇ ਕੀਤਾ ਗਿਆ ਜਿਸ ਵਿਚ ਉਸਦਾ ਡਰਾਈਵਰ ਵੀ ਮਾਰਿਆ ਗਿਆ ਸੀ। ਤਰਲੋਚਨ ਸਿੰਘ ਰਿਆਸਤੀ ਅਤਿਵਾਦੀ ਧੜਿਆਂ ਨਾਲ ਵੀ ਸੰਪਰਕ ਰੱਖਦਾ ਸੀ ਤੇ ਕੇਂਦਰ ਅਤੇ ਅਤਿਵਾਦੀਆਂ ਵਿਚਕਾਰ ਸਮਝੌਤੇ ਲਈ ਯਤਨ ਕਰ ਰਿਹਾ ਸੀ।

### 8 ਦਹਿਸ਼ਤਗਰਦ ਹਲਾਕ

ਪਿਛਲੇ ਹਫਤੇ ਵਿਚ ਅੱਠ ਦਹਿਸ਼ਤਗਰਦ ਹਲਾਕ ਹੋਏ। ਪੁਲਸ ਸੂਤਰਾਂ ਅਨੁਸਾਰ 16 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।

## ਹੈਰੋਇਨ ਸਾਜ਼ਿਸ਼ ਕੇਸ 'ਚ ਤਿੰਨ ਬੱਝੇ

### ਰੰਧਾਵੇ ਭਰਾ ਤੇ ਕਰਨੈਲ ਦੁਸਾਂਝ ਦੋਸ਼ੀ ਕਰਾਰ

ਵੈਨਕੂਵਰ — ਹੈਰੋਇਨ ਸਮਗਲ ਕਰਨ ਦੀ ਸਾਜ਼ਿਸ਼ ਵਿਚ ਸਰੀ ਦੇ ਰਹਿਣ ਵਾਲੇ ਦੋ ਭਰਾਵਾਂ ਰਣਜੀਤ ਸਿੰਘ ਰੰਧਾਵਾ ਤੇ ਪਰਮਜੀਤ ਸਿੰਘ ਰੰਧਾਵਾ ਅਤੇ ਉਨ੍ਹਾਂ ਦੇ ਇਕ ਸਾਥੀ ਕਰਨੈਲ ਸਿੰਘ ਦੁਸਾਂਝ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਰੰਧਾਵਾ ਭਰਾਵਾਂ ਨੂੰ ਪਹਿਲੀ ਫਰਵਰੀ 1988 ਨੂੰ ਸਜ਼ਾ ਸੁਣਾਈ ਜਾਵੇਗੀ ਜਦ ਕਿ ਦੁਸਾਂਝ ਨੂੰ 3 ਫਰਵਰੀ ਨੂੰ ਸਜ਼ਾ ਸੁਣਾਈ ਜਾਵੇਗੀ। ਚੌਥਾ ਵਿਅਕਤੀ ਰਿਚਰਡ ਹਰਵੀ ਆਰਕੇਂਜਲਟੀ ਨੇ ਆਪਣਾ ਦੋਸ਼ ਪਹਿਲਾਂ ਹੀ ਇਕਬਾਲ ਕਰ ਲਿਆ ਸੀ।

'ਸਨ' ਅਖਬਾਰ ਦੀ ਖਬਰ ਅਨੁਸਾਰ ਸਾਜ਼ਿਸ਼ ਵਿਚ ਸ਼ਾਮਲ ਵਿਅਕਤੀਆਂ ਨੂੰ ਫੜਾਉਣ ਵਿਚ ਬੈਂਜਮਿਨ ਡੌਬਸਨ ਨੇ ਸਹਾਇਤਾ ਕੀਤੀ। ਉਸ ਨੇ ਕੋਰਟ ਨੂੰ ਦੱਸਿਆ ਕਿ ਦੋਵੇਂ ਰੰਧਾਵਾ ਭਰਾ ਖਾਲਿਸਤਾਨੀ ਗਰੁੱਪ ਦੇ ਮੈਂਬਰ ਹਨ ਜੋ ਪੰਜਾਬ ਨੂੰ ਭਾਰਤ ਨਾਲੋਂ ਵੱਖਰਾ ਕਰਨਾ ਚਾਹੁੰਦੇ ਹਨ। ਉਸ ਨੇ ਕੋਰਟ ਨੂੰ ਦੱਸਿਆ ਕਿ ਪੰਮੀ ਰੰਧਾਵਾ ਨੇ ਉਸਨੂੰ ਭਾਰਤ ਵਿਚ ਦੱਸਿਆ ਸੀ ਕਿ ਹੈਰੋਇਨ ਤੋਂ ਕਮਾਏ ਪੈਸੇ ਵਿਚੋਂ ਉਹ ਖਾਲਿਸਤਾਨੀਆਂ ਦੀ ਮੱਦਦ ਲਈ ਪੈਸੇ ਦੇਵੇਗਾ।

ਵੈਨਕੂਵਰ ਕਾਊਂਟੀ ਕੋਰਟ ਦੇ ਜੱਜ ਜੇ. ਜੇ. ਐਂਡਰਸਨ ਨੇ ਉਪਰੋਕਤ ਤਿੰਨਾਂ ਵਿਅਕਤੀਆਂ ਨੂੰ ਹੈਰੋਇਨ ਸਮਗਲਿੰਗ ਦੇ ਦੋਸ਼ ਵਿਚ ਦੋਸ਼ੀ ਮੰਗਲਵਾਰ ਨੂੰ ਕਰਾਰ ਦਿੱਤਾ।

ਜਾਣਕਾਰੀ ਗਵਾਹ ਡੌਬਸਨ ਨੇ ਕਿਹਾ ਕਿ ਰਣਜੀਤ ਸਿੰਘ ਰੰਧਾਵਾ ਨੇ ਵੈਨਕੂਵਰ ਦੇ ਏਅਰਪੋਰਟ ਅੱਡੇ ਤੋਂ ਕਸਟਮ ਵਿਚੀਂ ਨਿਕਲਣ ਦਾ ਪ੍ਰਬੰਧ ਵੀ ਕੀਤਾ ਅਤੇ ਇਸ ਬਾਰੇ ਹਵਾਲੇ ਟੇਪਾਂ ਉਤੇ ਹਨ।

ਫੈਡਰਲ ਸਰਕਾਰੀ ਵਕੀਲ ਨੇ ਦੁਸਾਂਝ ਤੇ ਰੰਧਾਵੇ ਦੇ ਘਰਾਂ ਵਿਚ ਟੈਲੀਫ਼ੋਨ ਤੇ ਹੋਈ ਗੱਲਬਾਤ ਦੇ 60 ਹਵਾਲੇ ਦਿੱਤੇ।

ਸਾਰਜੈਂਟ ਸਟੇਡ ਤੇ ਸੈਂਡੀ ਸੰਧੂ ਜੋ ਏਅਰ ਇੰਡੀਆ ਹਾਦਸੇ ਦੀ ਪੜਤਾਲ ਵਿਚ ਸ਼ਾਮਲ ਹਨ ਨੇ ਕਿਹਾ ਕਿ ਉਨ੍ਹਾਂ ਨੇ ਰਣਜੀਤ ਸਿੰਘ ਰੰਧਾਵੇ ਦੀ ਗ੍ਰਿਫਤਾਰੀ ਅਤੇ ਉਸ ਦੇ ਘਰ ਦੀ ਤਲਾਸ਼ੀ ਵਿਚ ਹਿਸਾ ਲਿਆ ਤੇ ਦੁਸਾਂਝ ਦੇ ਘਰ ਦੀ ਵੀ ਤਲਾਸ਼ੀ ਲਈ। ਪਰ ਏਅਰ ਇੰਡੀਆ ਹਾਦਸੇ ਨਾਲ ਸਬੰਧਤ ਕੋਈ ਗਵਾਹ ਨਹੀਂ ਸੀ।

ਇਸ ਸਾਜ਼ਿਸ਼ ਦਾ ਪਤਾ ਵੈਨਕੂਵਰ ਦੇ ਡਰੱਗ ਸੁਕੇਡ ਨੇ ਕੀਤਾ। ਤੇ ਦਿੱਲੀ ਤੱਕ ਪਿਛਾ ਕੀਤਾ ਗਿਆ। ਹੈਰੋਇਨ ਦਾ ਭਾਰ ਇਕ ਕਿਲੋ ਸੀ ਤੇ ਉਹ 60 ਲੱਖ ਡਾਲਰ ਦੀ ਬਣਦੀ ਸੀ।

## ਸਰਹੱਦੀ ਗਾਂਧੀ ਖਾਨ ਅਬਦੁੱਲ ਗੁਬਾਰ ਖਾਂ ਚਲ ਵਸੇ

ਪਿਸ਼ਾਵਰ — ਬਜ਼ੁਰਗ ਆਜ਼ਾਦੀ-ਯੋਧੇ ਸਰਹੱਦੀ ਗਾਂਧੀ ਖਾਨ ਅਬਦੁੱਲ ਗੁਬਾਰ ਖਾਂ ਦਾ ਕੱਲ੍ਹ ਇਥੇ ਦਿਹਾਂਤ ਹੋ ਗਿਆ। ਉਹ ਨੱਬੇ ਸਾਲ ਤੋਂ ਵੀ ਵੱਧ ਉਮਰ ਦੇ ਸਨ। ਭਾਰਤ ਸਰਕਾਰ ਵਲੋਂ ਉਸੇ ਸਮੇਂ ਝੰਡੇ ਨੀਵੇਂ ਕਰ ਦਿੱਤੇ ਗਏ ਅਤੇ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ।

ਸਵੀਡਨ ਦੀ ਰਾਜਧਾਨੀ ਸਟਾਕਹੋਮ ਤੋਂ ਇਕ ਬਿਆਨ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਖਾਨ ਅਬਦੁੱਲ ਗੁਬਾਰ ਖਾਂ ਦੀ ਮੌਤ ਉਤੇ ਦੁੱਖ ਦਾ ਇਜ਼ਹਾਰ ਪ੍ਰਗਟ ਕਰਦਿਆਂ ਕਿਹਾ ਕਿ ਸਰਹੱਦੀ ਗਾਂਧੀ ਅਜਿਹੇ ਘੁਲਾਟੀਏ ਸਨ ਜਿਨ੍ਹਾਂ ਭਾਰਤ ਲਈ ਬੇਮਿਸਾਲ ਕੁਰਬਾਨੀਆਂ ਕੀਤੀਆਂ।



ਏ. ਸੀ. ਜਿਊਲਰਜ਼



9373 - 120 St. Delta, B.C.
Ph. 588-5808

ਡੇਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ
ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

# ਹੱਤਕ ਇਜ਼ਤ ਦੇ ਦਾਅਵੇ ਸਬੰਧੀ ਸਾਰੀਆਂ ਕਮਿਊਨਿਟੀਆਂ ਨੂੰ ਅਪੀਲ

ਵੈਨਕੂਵਰ — ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਨੇ ਸਾਰੀਆਂ ਕਮਿਊਨਿਟੀਆਂ ਦੀਆਂ ਪ੍ਰਤੀਨਿਧ ਸੰਸਥਾਵਾਂ ਨੂੰ ਇਕ ਖਤ ਲਿਖ ਕੇ ਬੇਨਤੀ ਕੀਤੀ ਹੈ ਕਿ ਫੋਰਟ ਸੇਂਟ ਜਾਹਨ ਦੇ ਰੇਡੀਓ ਪ੍ਰੋਗਰਾਮ ਦੇਣ ਵਾਲੇ ਵਿਅਕਤੀ ਐਲਨ ਹੰਟ ਵਲੋਂ ਚਰਨਪਾਲ ਗਿੱਲ ਵਿਰੁਧ ਇਕ ਕੇਸ ਦਰਜ ਕਰਵਾਇਆ ਗਿਆ ਹੈ ਜਿਸ ਵਿਚ ਹੱਤਕ ਇਜ਼ਤ ਦਾ ਦਾਅਵਾ ਕੀਤਾ ਹੈ ਕਿ ਉਸ ਦੀ ਨੌਕਰੀ ਚਲੀ ਜਾਣ ਦਾ ਕਾਰਨ ਚਰਨਪਾਲ ਗਿੱਲ ਹੈ। ਚਰਨਪਾਲ ਗਿੱਲ ਇਸ ਸੰਮਤੀ ਦੇ ਪ੍ਰਧਾਨ ਹਨ।

ਐਕਸਪੋ-86 ਸਮੇਂ ਬੀ. ਸੀ. ਪੈਵਲੀਅਨ ਵਿਚ 'ਮੋਅਜ਼ ਕਿਚਨ' ਨਾਂ ਦਾ ਇਕ ਡਿਸਪਲੇਅ ਸੀ ਜਿਸ ਵਿਚ ਇਕ ਸਿੱਖ ਡਰਾਈਵਰ ਕਾਫੀ ਦਾ ਕੱਪ ਪੀ ਰਿਹਾ ਹੈ ਤੇ ਇਕ ਮੋਟੀ ਔਰਤ ਕਿਚਨ ਵਿਚ ਕੰਮ ਕਰਦੀ ਦਿਖਾਈ ਗਈ ਹੈ। ਮਿ. ਹੰਟ ਨੇ ਕਿਹਾ ਸੀ ਕਿ ਇਹ ਡਿਸਪਲੇਅ ਉਥੋਂ ਉਠਾ ਲੈਣਾ ਚਾਹੀਦਾ ਹੈ ਕਿਉਂਕਿ ਉਸਦਾ ਉਸ ਇਲਾਕੇ ਨਾਲ ਕੋਈ ਸਬੰਧ ਨਹੀਂ। ਚਰਨਪਾਲ ਗਿੱਲ ਨੇ ਇਸਦਾ ਵਿਰੋਧ ਕੀਤਾ ਸੀ।

ਸੰਘਰਸ਼ ਸੰਮਤੀ ਨੇ ਬੇਨਤੀ ਕੀਤੀ ਹੈ ਕਿ ਇਹ ਕੇਸ ਲੜਨਾ ਸੰਮਤੀ ਲਈ ਫੰਡਾਂ ਦੀ ਘਾਟ ਕਾਰਨ ਔਖਾ ਹੈ। ਇਸ ਲਈ ਬੇਨਤੀ ਕੀਤੀ ਗਈ ਹੈ ਕਿ ਕਮਿਊਨਿਟੀ ਸੰਸਥਾਵਾਂ ਮੱਦਦ ਕਰਨ। ਮੱਦਦ ਭੇਜਣ ਦਾ ਪਤਾ ਇਹ ਹੈ :

**C/o BCOFR Defence Fund**
**DON CRENE'S OFFICE**
**#300—111 Water St.**
**VANCOUVER, B.C.**
**Ph. 687-5611**

# ਡਾਨ ਜਾਨਸਨ ਲਿਬਰਲ ਪਾਰਟੀ ਛੱਡ ਗਏ

ਅਟਵਾ — ਪਾਰਲੀਮੈਂਟ ਮੈਂਬਰ ਡਾਨ ਜਾਨਸਨ ਨੇ ਲਿਬਰਲ ਪਾਰਟੀ ਛੱਡ ਕੇ ਆਜ਼ਾਦ ਮੈਂਬਰ ਵਜੋਂ ਪਾਰਲੀਮੈਂਟ ਵਿਚ ਬੈਠਣ ਦਾ ਫੈਸਲਾ ਕੀਤਾ ਹੈ। ਸਾਬਕਾ ਮੰਤਰੀ ਜਾਨਸਨ ਨੇ ਲਿਬਰਲ ਪਾਰਟੀ ਲੀਡਰ ਟਰਨਰ ਵਿਰੁਧ ਲੀਡਰਸ਼ਿਪ ਲਈ ਚੋਣ ਵੀ ਲੜੀ ਸੀ।

ਲਿਬਰਲ ਲੀਡਰ ਨਾਲ ਉਸਦਾ ਵਿਰੋਧ ਮੀਚ-ਲੇਕ ਸਮਝੌਤਾ ਅਤੇ ਫਰੀ ਟਰੇਡ ਬਾਰੇ ਹੈ।

# ਸ੍ਰੀ ਗੁਰੂ ਰਵਿਦਾਸ ਸਭਾ (ਵੈਨਕੂਵਰ) ਦੀ ਚੋਣ

ਸ੍ਰੀ ਗੁਰੂ ਰਵਿਦਾਸ ਸਭਾ (ਵੈਨਕੂਵਰ) ਦੀ ਮੈਨੇਜਿੰਗ ਕਮੇਟੀ ਜਿਸ ਦੀ ਚੋਣ 13 ਦਸੰਬਰ 1987 ਨੂੰ ਹੋਈ।

| | |
|---|---|
| ਚੇਅਰਮੈਨ | ਸ੍ਰੀ ਦਰਸ਼ਨ ਸਿੰਘ ਖੇੜਾ |

ਐਗਜ਼ੈਕਟਿਵ ਕਮੇਟੀ

| | |
|---|---|
| ਪ੍ਰਧਾਨ | ਸ੍ਰੀ ਮਿਲਖੀ ਰਾਮ ਬੱਧਣ |
| ਉਪ-ਪ੍ਰਧਾਨ (1) | ਸ੍ਰੀ ਹਰੀਬੰਸ ਘਿਰੜਾ |
| ਉਪ-ਪ੍ਰਧਾਨ (2) | ਸ੍ਰੀ ਬਿੱਲ ਬਸਰਾ |
| ਸਕੱਤਰ | ਸ੍ਰੀ ਲੈਂਹਬਰ ਰਾਓ |
| ਸਹਾਇਕ ਸਕੱਤਰ | ਸ੍ਰੀ ਰਾਮ ਭੁੱਲਰ |
| ਖਜ਼ਾਨਚੀ | ਸ੍ਰੀ ਚਮਨ ਸਿੰਘ ਬੰਗਾ |
| ਸਹਾਇਕ ਖਜ਼ਾਨਚੀ | ਸ੍ਰੀ ਰਾਮ ਲਾਲ ਭਟੋਆ |

ਆਡੀਟਰਜ਼

1. ਸ੍ਰੀ ਸ਼ੰਕਰ ਦਾਸ ਮਹੇਂ 2. ਸ੍ਰੀ ਸਤੀਸ਼ ਕੁਮਾਰ ਔਜਲਾ

ਪ੍ਰਮੁਖ ਕਮੇਟੀ

ਸ੍ਰੀ ਹੰਸ ਰਾਜ ਹੀਰ, ਸ੍ਰੀ ਅਮਰ ਚੰਦ ਢੰਡਾ, ਸ੍ਰੀ ਪਿਆਰਾ ਲਾਲ ਭਟੋਆ, ਸ੍ਰੀ ਦਲੀਪ ਰਾਮ ਜੱਸਲ, ਸ੍ਰੀ ਸ਼ਰਧਾ ਸਿੰਘ ਕੈਂਥ

ਡਾਇਰੈਕਟਰਜ਼

ਸ੍ਰੀ ਗੁਰਬਖਸ਼ ਸਿੰਘ ਢੰਡਾ, ਸ੍ਰੀ ਹਰਜਿੰਦਰ ਸਿੰਘ ਸਾਹਨੀ, ਸ੍ਰੀ ਭਾਗ ਸਿੰਘ ਲਾਂਜੀ, ਸ੍ਰੀ ਮੱਖਣ ਸਿੰਘ ਚੰਬਾ, ਸ੍ਰੀ ਸੁੱਚਾ ਰਾਮ ਹੀਰ, ਸ੍ਰੀ ਬਲਦੇਵ ਕੁਮਾਰ, ਸ੍ਰੀ ਹਰਜੀਤ ਸਿੰਘ ਭਟੋਆ, ਸ੍ਰੀ ਸੀਤਲ ਦਾਸ ਕਲੇਰ



# ਵਿਲੀਅਮਜ਼ਲੇਕ ਦੀਆਂ ਖਬਰਾਂ

## ਗੁਰੂ ਘਰ ਦੇ ਸੇਵਾਦਾਰਾਂ ਦੀ ਚੋਣ

(ਵਿਸ਼ੇਸ਼ ਪ੍ਰਤੀਨਿਧ) — ਬਹੁਤ ਸਮੇਂ ਤੋਂ ਬਾਅਦ ਗੁਰਦੁਆਰਾ ਸਾਹਿਬ ਦੀ ਚੋਣ ਬਿਨਾਂ ਮੁਕਾਬਲੇ ਇਸ ਪ੍ਰਕਾਰ ਹੋਈ ਹੈ —

| | |
|---|---|
| ਦਰਸ਼ਨ ਸਿੰਘ ਧੇਰੜੀ | ਪ੍ਰਧਾਨ |
| ਦਲਜੀਤ ਸਿੰਘ ਉਪਲ | ਉਪ ਪ੍ਰਧਾਨ |
| ਰਾਜਿੰਦਰ ਸਿੰਘ ਸੈਣੀ | ਸਕੱਤਰ |
| ਕੁਲਦੀਪ ਸਿੰਘ ਸੈਣੀ | ਖਜ਼ਾਨਚੀ |

ਮੈਂਬਰ — ਕੁਲਦੀਪ ਸਿੰਘ ਗੋਸਲ, ਹਰਭਜਨ ਸਿੰਘ ਸੰਘਾ, ਮੋਹਣ ਸਿੰਘ ਸੰਘਾ, ਸਰਦਾਰਾ ਸਿੰਘ ਰਾਣਾ, ਮਲਕੀਤ ਸਿੰਘ ਗਰੇਵਾਲ।

ਇਸਤਰੀ ਮੈਂਬਰ — ਜਿੰਦੋ ਕੌਰ ਪ੍ਰਮਾਰ, ਅਮਰਜੀਤ ਕੌਰ ਰਖਾੜਾ

ਦੂਜੀ ਧਿਰ ਕਿਉਂ ਕਿ ਨਵੇਂ ਗੁਰਦੁਆਰੇ ਵਿਚ ਮਸ਼ਰੂਫ ਰਹੇਗੀ ਉਨ੍ਹਾਂ ਐਤਕਾਂ ਨਾ ਹਿਸਾ ਲੈਣਾ ਹੀ ਠੀਕ ਸਮਝਿਆ ਹੈ ਕਿਤੇ ਇਹ ਸਬਕ ਅਗੇਤਾ ਹੀ ਪੜ੍ਹ ਲੈਂਦੇ ਤਾਂ ਇਸ ਕਮਿਉਨਿਟੀ ਦਾ ਐਨਾ ਨੁਕਸਾਨ ਨਾ ਹੁੰਦਾ।

## 'ਖਾਲਸਾ' ਮਿਲ ਮੁੜ ਸੁਰਜੀਤ

ਖਾਲਸਾ ਮਿਲ ਜੋ ਖੜ੍ਹੀ ਹੋ ਗਈ ਸੀ ਨੇ ਸਰਕਣਾ ਸ਼ੁਰੂ ਕਰ ਦਿੱਤਾ ਹੈ ਲਗਦਾ ਹੈ ਸੰਜੀਵਨੀ ਬੂਟੀ ਮਿਲ ਗਈ ਹੈ। ਹੋਰ ਨਾਉਂ ਤੇ ਹੋਰ ਹਿਸੇਦਾਰ। ਪੁਰਾਣਾ ਮਾਲਕ ਸਿਰਫ ਪ੍ਰਬੰਧਕ। ਮੁਠੀ ਕੁ ਬੰਦੇ ਕੰਮ ਤੇ ਮੁੜੇ ਹਨ ਪੁਰਾਣੇ ਰੇਟ 'ਤੇ। ਹੋਰ ਸਭ ਕੁਝ ਬਦਲਿਆ ਪਰ ਕਾਮਿਆਂ ਦੀ ਤਨਖਾਹ ਇਸ ਝੱਖੜ 'ਚ ਭੀ ਸਥਿਰ ਰਹੀ ਹੈ। ਬਾਕੀ ਕਾਮੇ ਨਿਮਾਣੀ ਜਿਹੀ ਉਡੀਕ 'ਚ ਹਨ। ਕਾਨੂੰਨੀ ਤੌਰ ਤੇ ਪਹਿਲਿਆਂ ਹਿੱਸੇਦਾਰਾਂ ਤੇ ਦਸ-ਹਜ਼ਾਰੀਆਂ ਦਾ ਪੱਤਾ ਸਾਫ ਕਰ ਦਿੱਤਾ ਗਿਆ ਹੈ। ਹਰ ਕੋਈ ਦੱਬਵੀਂ ਆਵਾਜ਼ 'ਚ ਗੱਲ ਕਰਦਾ ਹੈ ਕਿ ਕਿਤੇ ਉਸ ਤੇ ਹੀ ਨਜ਼ਲਾ ਨਾ ਝੜ ਜਾਵੇ।

## ਵੀਜ਼ਿਆਂ ਦੀ ਔਕੜ

ਸ਼ਹਿਰ ਦੇ ਕਈ ਵਾਸੀਆਂ ਨੂੰ ਪੰਜਾਬ ਦੇ ਵੀਜ਼ੇ ਤੋਂ ਨਾਂਹ ਮਿਲੀ ਹੈ ਪਰ ਕੋਈ ਕਾਰਣ ਨਹੀਂ ਦੱਸਿਆ ਜਾਦਾ। ਇਞ ਇਕ ਦੂਜੇ ਖਿਲਾਫ ਗਲਤ-ਫਹਿਮੀਆਂ ਹੁੰਦੀਆਂ ਹਨ। ਕਿੰਨਾ ਚੰਗਾ ਹੋਵੇ ਕਿ ਕੌਂਸਲੇਟ ਦਾ ਦਫਤਰ ਆਪਣਾ ਪ੍ਰਤੀਬਿੰਬ ਸਾਫ ਕਰਨ ਦੀ ਕੋਸ਼ਿਸ਼ ਕਰੇ ਤੇ ਐਵੀਂ ਨਿੱਛ ਮਾਰਨ ਵਾਲਿਆਂ ਨੂੰ ਹੀ ਨਾ ਡੱਕੀ ਫਿਰਨ। ਕੀ ਲੋਕਾਂ ਲਈ ਬਣੀਆਂ ਕਮੇਟੀਆਂ ਭੀ ਕੁਝ ਕਰਨ ਦੇ ਯੋਗ ਹਨ! ਤਾਲ-ਮੇਲ ਕਰਕੇ ਜਾਇਜ਼-ਨਾਜਾਇਜ਼ ਦਾ ਨਿਰੀਖਣ ਕਰਵਾਉਣ। ਜੇ ਕੋਈ ਹੈ ਤਾਂ ਆਪਣਾ ਪਤਾ ਦੱਸਣ ਤਾਂ ਕਿ ਅਸੀਂ ਭੀ ਬੀਮਾਰਾਂ ਦਾ ਨਾਉਂ ਦਸ ਸਕੀਏ।

# ਡਾਕ ਮਹਿਕਮੇ ਵਲੋਂ ਨਵੀਆਂ ਤਬਦੀਲੀਆਂ ਦਾ ਐਲਾਨ

ਮਾਂਟਰੀਅਲ — ਕੈਨੇਡਾ ਦੇ ਡਾਕ ਮਹਿਕਮੇ ਦੇ ਮੀਤ-ਪ੍ਰਧਾਨ ਨੇ ਐਲਾਨ ਕੀਤਾ ਹੈ ਕਿ ਸਤੰਬਰ 1988 ਤੋਂ ਵੱਖ ਵੱਖ ਤਰ੍ਹਾਂ ਭੇਜੀ ਜਾਂਦੀ ਡਾਕ ਦੀ ਦਰਜਾਬੰਦੀ ਖਤਮ ਕਰ ਦਿੱਤੀ ਜਾਵੇਗੀ।

ਡਾਕ ਮਹਿਕਮਾ ਫਸਟ ਕਲਾਸ, ਸੈਕਿੰਡ ਕਲਾਸ ਤੇ ਥਰਡ ਕਲਾਸ ਡਾਕ ਦਾ ਸਿਲਸਿਲਾ ਬੰਦ ਕਰ ਦਵੇਗਾ ਅਤੇ ਇਸਦੀ ਥਾਂ ਕੋਰੀਅਰ ਕੰਪਨੀਆਂ ਵਾਂਗ ਸੇਵਾਵਾਂ ਕੀਤੀਆਂ ਜਾਣਗੀਆਂ।

# ਫ਼ਰਾਡ ਵਿਚ ਸਜ਼ਾ

ਸਰੀ — ਸਰੀ ਦੇ ਰਹਿਣ ਵਾਲੇ ਇਕ ਵਿਅਕਤੀ ਸਤਜੀਤ ਸਿੰਘ ਗਿੱਲ ਨੂੰ ਫ਼ਰਾਡ ਕਰਨ ਦੇ ਦੋਸ਼ ਵਿਚ 300 ਡਾਲਰ ਜੁਰਮਾਨਾ ਕੀਤਾ ਗਿਆ ਹੈ। ਇਸ ਫ਼ਰਾਡ ਦਾ ਸਬੰਧ ਆਈ ਸੀ ਬੀ ਸੀ ਨਾਲ ਸੀ ਜਿਸ ਵਿਚ ਹਾਦਸੇ ਵਿਚ ਸੱਟਾਂ ਲੱਗਣ ਦਾ ਗ਼ਲਤ ਕਲੇਮ ਕੀਤਾ ਗਿਆ ਸੀ।


**BURNABY PROFESSIONAL DRIVING SCHOOL**

LEARN TO DRIVE TRUCKS, BUSES & SEMI TRAILERS DEFENSIVELY "AT REASONABLE RATES"






COMPLETE COURSES & HOURLY RENTALS FOR CLASS 1,2,3,4

GOVERNMENT CERTIFIED AIR BRAKE COURSES

INSTRUCTIONS IN HINDI & PUNJABI

LANGUAGE ASSISTANCE FOR LEARNERS & AIR BRAKE LICENSE

5284 STILL CREEK
FEES TAX DEDUCTIBLE

291-2255

BURNABY, B.C. V5C 4E6
DAY, EVENING OR WEEKENDS

PRACTICAL JOB TRAINING & EMPLOYMENT ASSISTANCE



**BERNARD SIMPSON & COMPANY**

NO CHARGE
*for initial consultation*

Translation services available

• HANDLING CAR ACCIDENTS FOR OVER 15 YEARS

• CONTINGENCY FEES AVAILABLE
(IF NO RECOVERY NO LEGAL FEE)

• ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ

• ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

PHONE (604) 734-2272

999 WEST BROADWAY, VANCOUVER, B.C.
*(SITUATED IN THE AUTOMOBILE ASSOCIATION BUILDING)*

PRACTICE RESTRICTED TO INJURIES SUFFERED DUE TO CAR ACCIDENTS (ICBC CLAIMS)

# ਨੇਡੂਨਚੇਜ਼ੀਅਨ ਵਲੋਂ ਸੁਲਾਹ ਦੀ ਅਪੀਲ ਰੱਦ

ਮਦਰਾਸ — ਐਕਟਿੰਗ ਮੁਖ ਮੰਤਰੀ ਅਤੇ ਨਾਰਾਜ ਆਲ ਇੰਡੀਆ ਅੰਨਾ ਡੀ ਐਮ ਕੇ ਆਗੂ ਨੇਡੂਰਚੇਜ਼ੀਅਨ ਨੇ ਮੁੱਖ ਮੰਤਰੀ ਸ੍ਰੀਮਤੀ ਜਾਨਕੀ ਰਾਮਾਚੰਦਰਨ ਦੀ 'ਸੁਲਾਹ ਸਫਾਈ' ਦੀ ਪੇਸ਼ਕਸ਼ ਰੱਦ ਕਰ ਦਿੱਤੀ ਹੈ। ਸ੍ਰੀਮਤੀ ਜਾਨਕੀ ਦੀ ਏ. ਡੀ. ਐਮ. ਕੇ. ਦੇ ਸਾਰੇ ਵਰਗਾਂ ਤੋਂ ਸਹਿਯੋਗ ਲਈ ਅਪੀਲ ਦਾ ਜ਼ਿਕਰ ਕਰਦਿਆਂ ਸ੍ਰੀ ਨੇਡੂਨਚੇਜ਼ੀਅਨ ਨੇ ਪੱਤਰਕਾਰਾਂ ਨੂੰ ਦੱਸਿਆ, "ਹੁਣ ਬਹੁਤ ਦੇਰੀ ਹੋ ਚੁੱਕੀ ਹੈ। ਅੰਨਾ ਡੀ ਐਮ ਕੇ ਦੇ ਦੋਵੇਂ ਗਰੁੱਪ ਵੱਖੋ ਵੱਖ ਰਾਹ 'ਤੇ ਚਲ ਪਏ ਹਨ।"

ਐਕਟਿੰਗ ਮੁਖ ਮੰਤਰੀ ਨੇ ਆਖਿਆ ਕਿ ਸਵਰਗੀ ਐਮ ਜੀ ਰਾਮਾਚੰਦਰਨ ਦੀ ਪਤਨੀ ਹੋਣ ਕਾਰਨ ਉਹ ਸ੍ਰੀਮਤੀ ਜਾਨਕੀ ਦਾ ਬਹੁਤ ਸਤਿਕਾਰ ਕਰਦੇ ਹਨ ਪ੍ਰੰਤੂ ਉਸ ਦੀ ਅਪੀਲ ਉਨ੍ਹਾਂ ਨੂੰ ਪ੍ਰਵਾਨ ਨਹੀਂ, ਖਾਸ ਕਰ ਇਸ ਕਾਰਨ ਕਿ ਉਸ ਦੀ ਮਦਦ ਕਰ ਰਹੇ ਗਰੁਪ ਨੇ ਇਕ ਪਾਸੜ ਫੈਸਲੇ ਲਏ ਅਤੇ ਕਾਰਵਾਈਆਂ ਕੀਤੀਆਂ।

ਸ੍ਰੀ ਨੇਡੂਨਚੇਜ਼ੀਅਨ ਨੇ ਰਾਜ ਦੇ ਰਾਜਪਾਲ ਐਸ ਐਲ ਖੁਰਾਨਾ ਉਪਰ ਲੀਡਰਸ਼ਿਪ ਦੀ ਵਰਤਮਾਨ ਖਿਚੋਤਾਣ ਵਿਚ ਧਿਰ ਬਨਣ ਦਾ ਦੋਸ਼ ਲਗਾਇਆ। ਉਨ੍ਹਾਂ ਆਖਿਆ ਕਿ ਰਾਜਪਾਲ ਨੇ ਉਨ੍ਹਾਂ ਨੂੰ ਤਾਂ ਪਾਰਟੀ 'ਚ ਬਹੁਮਤ ਸਾਬਤ ਕਰਨ ਲਈ ਸਿਰਫ 3 ਜਨਵਰੀ ਤਕ ਦਾ ਸਮਾਂ ਦਿੱਤਾ ਜਦ ਕਿ ਸ੍ਰੀਮਤੀ ਜਾਨਕੀ ਨੂੰ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਗਿਆ ਹੈ

ਰਾਜਪਾਲ ਦੀ ਇਸ ਦਲੀਲ ਕਿ ਸ੍ਰੀਮਤੀ ਜਾਨਕੀ ਨੂੰ 97 ਵਿਧਾਇਕਾਂ ਦੀ ਹਮਾਇਤ ਹਾਸਲ ਹੈ, ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਤਾਮਿਲਨਾਡੂ ਵਿਧਾਨ ਸਭਾ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਹਾਸਲ ਨਹੀਂ ਸੀ। ਕਾਇਮ ਮੁਕਾਮ ਮੁਖ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੂੰ ਸਦਨ ਵਿਚ ਬਹੁਮਤ ਸਿਧ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਪਾਸ 70 ਵਿਧਾਇਕਾਂ ਦੀ ਸੂਚੀ ਹੈ ਜੋ ਉਨ੍ਹਾਂ ਦੀ ਹਮਾਇਤ ਕਰਦੇ ਹਨ।

ਸ੍ਰੀ ਨੇਡੂਨਚੇਜ਼ੀਅਨ ਨੇ ਕਿਹਾ ਕਿ ਉਹ ਗਵਰਨਰ ਦੀ ਇਸ ਕਾਰਵਾਈ ਪਿੱਛੇ ਕੋਈ ਸਵਾਰਥ ਨਹੀਂ ਦੱਸ ਰਹੇ ਹਨ ਅਤੇ ਰਾਸ਼ਟਰਪਤੀ ਆਰ ਵੈਂਕਟਰਮਨ ਪਾਸ ਉਨ੍ਹਾਂ ਦੀ ਸ਼ਿਕਾਇਤ ਨਹੀਂ ਕਰਨਗੇ। ਉਨ੍ਹਾਂ ਚਿਤਾਵਨੀ ਕਰਾਈ ਕਿ ਨਿਯਮਾਂ ਵਿਰੁਧ ਕੰਮ ਕਰਨ ਵਾਲਿਆਂ ਵਿਰੁਧ ਪਾਰਟੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਕਾਇਮਮੁਕਾਮ ਮੁਖ ਮੰਤਰੀ ਨੇ ਕਿਹਾ ਕਿ ਸ੍ਰੀ ਕੇ ਮਨੋਹਰਨ ਦੀ ਅਗਵਾਈ ਹੇਠ ਇਕ ਕਮੇਟੀ ਨੇ ਸ੍ਰੀ ਰਾਮਾਚੰਦਰਨ ਦੇ ਜਿਉਂਦੇ ਜੀਅ ਪਾਰਟੀ ਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸ ਉਪਰ ਅਮਲ ਨਹੀਂ ਕੀਤਾ ਗਿਆ। ਪਾਰਟੀ ਦੇ ਜਨਰਲ ਸਕੱਤਰ ਵਜੋਂ ਸ੍ਰੀ ਰਾਮਾਚੰਦਰਮਨ ਪਾਰਟੀ ਸੰਵਿਧਾਨ ਦੀਆਂ ਧਾਰਾਵਾਂ ਦਾ ਉਲੇਖ ਕੀਤੇ ਬਿਨਾਂ ਹੀ ਫੈਸਲੇ ਤੇ ਐਲਾਨ ਕਰਦੇ ਰਹੇ।

# ਰਾਜ ਸਭਾ ਦੀਆਂ 63 ਸੀਟਾਂ ਲਈ ਚੋਣਾਂ ਮਾਰਚ ਵਿਚ ਹੋਣ ਦੀ ਆਸ

ਨਵੀਂ ਦਿੱਲੀ — ਜਾਣਕਾਰ ਸੂਤਰਾਂ ਅਨੁਸਾਰ 14 ਰਾਜਾਂ ਤੋਂ ਰਾਜ ਸਭਾ ਲਈ 63 ਸੀਟਾਂ ਦੀਆਂ ਦੋ-ਸਾਲਾ ਚੋਣਾਂ ਮਾਰਚ ਵਿਚ ਕਰਵਾਏ ਜਾਣ ਦੀ ਸੰਭਾਵਨਾ ਹੈ। ਇਹ ਸੀਟਾਂ 2 ਅਪਰੈਲ ਨੂੰ ਖਾਲੀ ਹੋਣਗੀਆਂ। ਆਂਧਰਾ ਵਿਚ ਛੇ, ਬਿਹਾਰ ਵਿਚ 8, ਗੁਜਰਾਤ 'ਚ 4, ਹਰਿਆਣਾ ਤੇ ਹਿਮਾਚਲ 'ਚ ਇਕ ਇਕ, ਜੰਮੂ-ਕਸ਼ਮੀਰ 'ਚ ਦੋ, ਕਰਨਾਟਕ ਵਿਚ ਚਾਰ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਵਿਚ ਛੇ-ਛੇ, ਉੜੀਸਾ, ਪੰਜਾਬ ਤੇ ਰਾਜਸਥਾਨ ਵਿਚ ਤਿੰਨ ਤਿੰਨ, ਯੂ. ਪੀ. ਵਿਚ ਗਿਆਰਾਂ ਅਤੇ ਪੱਛਮੀ ਬੰਗਾਲ ਵਿਚ ਪੰਜ ਸੀਟਾਂ ਭਰੀਆਂ ਜਾਣਗੀਆਂ।

ਕੇਰਲਾ ਤੋਂ ਚੁਣੇ ਗਏ ਮੰਤਰੀ ਐਮ ਐਮ ਜੈਕਬ, ਸੀ. ਪੀ. ਐਮ. ਦੇ ਕੇ. ਮੋਨਾਦਨ ਅਤੇ ਜਨਤਾ ਪਾਰਟੀ ਦੇ ਕੇ. ਗੋਪਾਲਨ ਦੀ ਮਿਆਦ ਪਹਿਲੀ ਜੁਲਾਈ ਨੂੰ ਸਮਾਪਤ ਹੋਵੇਗੀ। ਤਿੰਨ ਨਾਮਜਦ ਮੈਂਬਰਾਂ ਹਿਯਾਤਉਲਾ ਅਨਥਰ, ਮਦਨ ਭਾਟੀਆ ਅਤੇ ਸ੍ਰੀਮਤੀ ਲੀਲਾ ਭੱਟ ਦੀ ਮਿਆਦ 26 ਸਤੰਬਰ ਨੂੰ ਸਮਾਪਤ ਹੋਵੇਗੀ। ਇਕ ਨਾਮਜ਼ਦ ਮੈਂਬਰ ਦੀ ਮਿਆਦ ਵੀ ਉਸੇ ਦਿਨ ਸਮਾਪਤ ਹੋ ਜਾਵੇਗੀ।

ਜਿਹੜੇ 70 ਐਮ. ਪੀ. ਰਿਟਾਇਰ ਹੋ ਰਹੇ ਹਨ ਉਨ੍ਹਾਂ ਵਿਚ 48 ਕਾਂਗਰਸ (ਆਈ) ਦੇ, ਚਾਰ ਸੀ. ਪੀ. ਆਈ. (ਮ) ਦੇ, ਦੋ-ਦੋ ਜਨਤਾ ਪਾਰਟੀ, ਭਾਜਪਾ, ਲੋਕ ਦਲ ਅਤੇ ਸੀ ਪੀ ਆਈ ਦੇ ਅਤੇ ਇਕ ਇਕ ਤੇਲਗੂ ਦੇਸ਼ਮ, ਨੈਸ਼ਨਲ ਕਾਨਫਰੰਸ, ਜਨਤਾ (ਜੀ), ਅਕਾਲੀ ਦਲ ਦੇ ਹਨ। ਤਿੰਨ ਆਜ਼ਾਦ ਮੈਂਬਰ ਹਨ।

ਉਨ੍ਹਾਂ ਵਿਚ ਖੇਤੀ ਰਾਜ ਮੰਤਰੀ ਯੋਗਿੰਦਰ ਮਕਵਾਨਾ, ਊਰਜਾ ਰਾਜ ਮੰਤਰੀ ਸੁਸ਼ੀਲਾ ਰਸਤੋਗੀ ਅਤੇ ਸਿਹਤ ਰਾਜ ਮੰਤਰੀ ਸਰੋਜ ਖਰਪਦੇ ਵੀ ਸ਼ਾਮਲ ਹਨ। ਬਾਕੀਆਂ ਵਿਚ ਭਾਜਪਾ ਦੇ ਲਾਲ ਕ੍ਰਿਸ਼ਨ ਅਡਵਾਨੀ, ਸਾਬਕਾ ਵਿਤ ਮੰਤਰੀ ਵੀ ਪੀ ਸਿੰਘ, ਸਤਪਾਲ ਮਲਿਕ ਅਤੇ ਗੁਰਚਰਨ ਸਿੰਘ ਟੌਹੜਾ, ਅਨੰਤਪਰਸਾਦ ਸ਼ਰਮਾ, ਨਿਰਮਲ ਚੈਟਰਜੀ ਅਤੇ ਸੁਕੋਮਲ ਸੇਨ ਸੀ ਪੀ ਐਮ ਅਤੇ ਸੀ ਪੀ ਆਈ ਦੇ ਗੁਰੂਦਾਸ ਦਾਸਗੁਪਤਾ।

# ਬਾਬਾ ਸੁੰਦਰ ਸਿੰਘ ਆਈ. ਐਨ. ਏ. ਦਾ ਦਿਹਾਂਤ

ਮੋਗਾ — ਸੁਭਾਸ਼ ਚੰਦਰ ਬੋਸ ਦੇ ਜ਼ਾਤੀ ਬਾਡੀਗਾਰਡ ਬਾਬਾ ਸੁੰਦਰ ਸਿੰਘ ਦਾ ਇਥੇ ਪਿਛਲੇ ਦਿਨ ਦਿਹਾਂਤ ਹੋ ਗਿਆ। ਬਾਬਾ ਜੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਬਹੁਤ ਸਰਗਰਮ ਰਹੇ ਸਨ।

# ਸੰਖੇਪ ਪਰ ਵਿਸ਼ੇਸ਼

- ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਮਾਥੁਰ ਨੇ ਕੱਲ੍ਹ ਆਪਣਾ ਅਸਤੀਫਾ ਗਵਰਨਰ ਨੂੰ ਪੇਸ਼ ਕਰ ਦਿੱਤਾ। ਅਸਤੀਫੇ ਦਾ ਕਾਰਨ ਘਰੇਲੂ ਦੱਸਿਆ ਗਿਆ ਹੈ ਪਰ ਪਤਾ ਲੱਗਾ ਹੈ ਕਿ ਕੇਂਦਰ ਲੀਡਰਸ਼ਿਪ ਵਿਚ ਤਬਦੀਲੀ ਲਈ ਜ਼ੋਰ ਦੇ ਰਿਹਾ ਸੀ।
- ਪੱਛਮੀ ਬੰਗਾਲ ਦੇ ਮੁਖ ਮੰਤਰੀ ਜੋਤੀ ਬਾਸੂ ਨੇ ਕੱਲ੍ਹ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਸਪੱਸ਼ਟ ਸ਼ਬਦਾਂ ਵਿਚ ਕਹਿ ਦਿਤਾ ਕਿ ਗੋਰਖਾ ਅੰਦੋਲਨ ਦੇ ਆਗੂ ਘੀਸ਼ਿੰਗ ਨੂੰ ਦੱਸ ਦਿਤਾ ਜਾਵੇ ਕਿ ਸਰਕਾਰ ਹੋਰ ਰਿਆਇਤਾਂ ਕਦਾਚਿਤ ਨਹੀਂ ਦੇਵੇਗੀ।
- ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਕਾਂਗਰਸ-ਵਿਰੋਧੀ ਮੁੱਖ ਮੰਤਰੀਆਂ ਦੀ ਮੀਟਿੰਗ 30 ਜਨਵਰੀ ਨੂੰ ਹੋਣੀ ਨੀਯਤ ਹੋਈ ਹੈ।
- ਭਾਰਤੀ ਜਨਤਾ ਪਾਰਟੀ ਵਲੋਂ ਦਿੱਲੀ ਵਿਚ ਇਕ ਮੁਜ਼ਾਹਰਾ ਅੱਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਹੋਇਆ ਜਿਸ ਵਿਚ ਪੰਜਾਬ ਦੇ ਮਸਲੇ ਨੂੰ ਛੇਤੀ ਸੁਲਝਾਉਣ ਦੀ ਮੰਗ ਕੀਤੀ ਗਈ।
- ਪ੍ਰਸਿੱਧ ਐਕਟ੍ਰੈਸ ਲੀਲਾ ਮਿਸ਼ਰਾ ਦਾ ਕੱਲ੍ਹ ਦਿਹਾਂਤ ਹੋ ਗਿਆ।

# ਮਿਸ਼ਨ ਵਿਚ ਨਵੇਂ ਗੁਰਦੁਆਰੇ ਦਾ ਗੋਰਿਆਂ ਵਲੋਂ ਵਿਰੋਧ

ਮਿਸ਼ਨ — ਇਕ ਖਬਰ ਅਨੁਸਾਰ ਗੁਰਸਿਖ ਸੁਸਾਇਟੀ ਮਿਸ਼ਨ ਵਲੋਂ ਨਵੇਂ ਗੁਰਦੁਆਰੇ ਦੀ ਉਸਾਰੀ ਲਈ ਜੋ ਨਵੀਂ ਥਾਂ ਲਈ ਸੀ ਉਸਦਾ ਗੋਰਿਆਂ ਵਲੋਂ ਵਿਰੋਧ ਜਾਰੀ ਹੈ। ਸੁਸਾਇਟੀ ਨੇ ਸਾਢੇ ਪੰਜ ਏਕੜ ਲਾਹੀਡ ਹਾਈਵੇ ਤੇ ਲਏ ਸਨ ਜੋ ਕਮਰਸ਼ਲ ਜ਼ੋਨ ਵਿਚ ਹੈ। ਇਸ ਤੋਂ ਪਹਿਲਾਂ ਰਿਹਾਇਸ਼ੀ ਇਲਾਕੇ ਵਿਚ ਵੀ ਵਿਰੋਧ ਹੋਣ ਕਾਰਨ ਥਾਂ ਬਦਲ ਲਈ ਗਈ ਸੀ।

ਗੁਰਦੁਆਰਾ ਬਨਾਉਣ ਲਈ ਅਰਜ਼ੀ ਵਿਚ ਕਿਹਾ ਗਿਆ ਸੀ ਕਿ ਗੁਰਦੁਆਰਾ 7400 ਵਰਗ ਫੁੱਟ ਥਾਂ ਉਤੇ ਹੋਵੇਗਾ ਅਤੇ 140 ਕਾਰਾਂ ਲਈ ਪਾਰਕਿੰਗ ਹੋਵੇਗੀ। ਇਹ ਜ਼ਮੀਨ 1986 ਵਿਚ ਲਈ ਗਈ ਸੀ।

ਸੋਮਵਾਰ ਹੋਈ ਕੌਂਸਲ ਦੀ ਮੀਟਿੰਗ ਵਿਚ 200 ਲੋਕ ਪੁਜੇ ਜਦ ਕਿ ਉਥੇ ਬੈਠਣ ਲਈ 50 ਸੀਟਾਂ ਹਨ।

ਮੀਟਿੰਗ ਅਗਲੇ ਹਫਤੇ ਵੱਡੇ ਹਾਲ ਵਿਚ ਹੋਵੇਗੀ।

# ਕੈਨੇਡਾ ਵਿਚ ਭਾਰਤੀ ਕੈਦੀਆਂ ਨੂੰ ਮਿਲਣ ਦੀ ਮਨਾਹੀ

ਅਟਵਾ — ਕੈਨੇਡਾ ਦੇ ਬਦੇਸ਼ ਮੰਤਰਾਲੇ ਨੇ ਭਾਰਤ ਸਰਕਾਰ ਦੀ ਇਹ ਮੰਗ ਰੱਦ ਕਰ ਦਿੱਤੀ ਹੈ ਕਿ ਕੈਨੇਡਾ ਦੀਆਂ ਜੇਲ੍ਹਾਂ ਵਿਚ ਜੋ ਭਾਰਤੀ ਹਨ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ।

ਬਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਇਸ ਸਮੇਂ 17 ਭਾਰਤੀ ਕੈਨੇਡਾ ਵਿਚ ਕੈਦੀ ਹਨ ਤੇ ਉਨ੍ਹਾਂ ਵਿਚੋਂ 16 ਨੇ ਮਿਲਣ ਤੋਂ ਨਾਂਹ ਕਰ ਦਿੱਤੀ ਹੈ।

ਇੰਡੀਅਨ ਹਾਈ ਕਮਿਸ਼ਨ ਦੇ ਬੁਲਾਰੇ ਸ਼ਸ਼ੀ ਤ੍ਰੀਪਾਠੀ ਨੇ ਕਿਹਾ ਕਿ ਭਾਰਤ ਦੀ ਸਰਕਾਰ ਇਨ੍ਹਾਂ ਦੇ ਨਾਂ, ਪਤੇ ਤੇ ਦੋਸ਼ਾਂ ਬਾਰੇ ਜਾਨਣਾ ਚਾਹੁੰਦੀ ਹੈ।

ਚਾਰ ਮਹੀਨੇ ਪਹਿਲਾਂ ਕੈਨੇਡਾ ਨੇ ਦਲਜੀਤ ਸਿੰਘ ਸੇਖੋਂ ਜੋ ਪੰਜਾਬ ਵਿਚ ਫੜਿਆ ਗਿਆ ਸੀ ਨੂੰ ਮਿਲਣ ਦੀ ਇਛਾ ਜ਼ਾਹਰ ਕੀਤੀ ਸੀ ਤਾਂ ਭਾਰਤ ਸਰਕਾਰ ਨੇ ਮਿਲਣ ਦੀ ਆਗਿਆ ਦੇ ਦਿਤੀ ਸੀ। ਦਲਜੀਤ ਸੇਖੋਂ ਮਸ਼ੀਨਗੰਨਾਂ ਤੇ ਪਿਸਤੌਲਾਂ ਲਿਜਾਣ ਦੇ ਸ਼ੱਕ ਵਿਚ ਫੜਿਆ ਗਿਆ ਸੀ।

ਸ਼ਸ਼ੀ ਤ੍ਰਿਪਾਠੀ ਨੇ ਕਿਹਾ ਕਿ ਕੈਨੇਡਾ ਦੀ ਸਰਕਾਰ ਨੂੰ ਮਿਲਵਰਤਣ ਦੇਣਾ ਚਾਹੀਦਾ ਹੈ ਜਦ ਭਾਰਤ ਸਰਕਾਰ ਇਨ੍ਹਾਂ ਨਾਲ ਮਿਲਵਰਤਣ ਦਿੰਦੀ ਹੈ।

# ਚੀਨੀ ਹਵਾਈ ਹਾਦਸੇ ਵਿਚ 108 ਮਰੇ

ਬੀਜਿੰਗ — ਦੱਖਣੀ ਪੱਛਮੀ ਚੀਨ ਦੇ ਹਿੱਸੇ ਵਿਚ ਇਕ ਹਵਾਈ ਹਾਦਸਾ ਹੋਣ ਨਾਲ 108 ਵਿਅਕਤੀਆਂ ਦੀ ਮੌਤ ਹੋ ਗਈ ਹੈ। ਮਰਨ ਵਾਲਿਆਂ ਵਿਚ ਚਾਰ ਜਾਪਾਨੀ ਸਨ।

ਇਹ ਹਾਦਸਾ ਚੌਂਗਕਿੰਗ ਦੇ ਨੇੜੇ ਵਾਪਰਿਆ। 98 ਸਵਾਰੀਆਂ ਤੇ ਦਸ ਹਵਾਈ ਅਮਲੇ ਦੇ ਬੰਦੇ ਜਹਾਜ਼ ਵਿਚ ਸਨ।


BOOK NOW — FLY LATER

**Goyal Travels Inc.**

4152 FRASER ST., VANCOUVER B.C. V5V 4E8 (604) 877-7777




IATA

GOYAL TRAVEL & TOURS CANADA INC.

| TORONTO ਟਰਾਂਟੋ | CALGARY ਕੈਲਗਰੀ | EDMONTON ਐਡਮਿੰਟਨ |
|---|---|---|
| SUITE 211, 593 YONGE ST. TORONTO, ONT. M4Y 1Z4 PH. (416) 960-3666 | UNIT 1-5320-8th. AVE. S.E. CALGARY, ALBERTA, T2A 4L7 PH. (403) 235-6808 | 9344 -34th. AVE., STRATHCONA SQUARE, EDMONTON, ALTA. T6E 5X8 PH. (403) 462-2424 |

We offer Low Low Fares to:
New Delhi, Bombay, Calcutta, Madras, Cochin, Trivandrum, Columbo, Karachi, Lahore, Islamabad, Peshawar, Kathmandu & other destinations.

ASSOCIATED OFFICES IN INDIA
Jalandhar City: Opposite Nehru Gardens, G. T. Road, Ph. 77526
Moga: Court Rd. Ph. 2798
Jagraon: Court Rd. Ph. 252

WE ARE AUTHORIZED AGENTS FOR
JAPAN AIR LINES
Air Canada, Air India, Air France, British Airways, Canadian Pacific Airlines, KLM, Pan Am, Wardair & other major Airlines.

TOLL FREE IN B.C. ALBERTA, SASKATECHEWAN and MANITOBA 1-800-663-8638

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਲੋਕ-ਬਾਣੀ

## ਬਾਦਸ਼ਾਹ ਖਾਨ ਵਿਛੜ ਗਏ

ਸਾਂਝੇ ਭਾਰਤ ਦਾ ਪੁਰਾਣਾ ਆਜ਼ਾਦੀ ਸੰਗਰਾਮੀਆਂ ਅਤੇ ਪਾਕਿਸਤਾਨ ਵਿਚ ਪਖਤੂਨ ਲੋਕਾਂ ਲਈ ਆਜ਼ਾਦੀ ਦਾ ਸੰਘਰਸ਼ ਕਰਨ ਵਾਲਾ, ਬਾਦਸ਼ਾਹ ਖਾਨ, ਖਾਨ ਅਬਦੁੱਲ ਗੁਫ਼ਾਰ ਖਾਂ, ਅੱਜ ਪਿਸ਼ਾਵਰ ਵਿਚ ਆਪਣੇ ਲੋਕਾਂ ਦੀ ਆਜ਼ਾਦੀ ਦਾ ਸੁਪਨਾ ਦਿਲ ਵਿਚ ਲੈ ਕੇ ਸਾਡੇ ਕੋਲੋਂ ਹਮੇਸ਼ਾ ਲਈ 98 ਸਾਲਾਂ ਦੀ ਉਮਰ ਵਿਚ ਵਿਛੜ ਗਏ।

ਖਾਨ ਅਬਦੁੱਲ ਗੁਫ਼ਾਰ ਖਾਂ, ਜਿੰਨ੍ਹਾਂ ਨੂੰ ਸਰਹੱਦੀ ਗਾਂਧੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਪਖਤੂਨਸਤਾਨ (ਸੂਬਾ ਸਰਹੱਦ) ਦੇ ਰਹਿਣ ਵਾਲੇ ਸਨ। ਉਨ੍ਹਾਂ ਭਾਰਤ ਦੀ ਆਜ਼ਾਦੀ ਲਈ ਸਾਰੀ ਉਮਰ ਵੱਡਾ ਸੰਗਰਾਮ ਕੀਤਾ। ਉਹ ਇਕ ਅਜਿਹੇ ਧਰਮ ਨਿਰਪੱਖ ਪਠਾਣ ਸਨ, ਜੋ ਹਰ ਇਕ ਵਿਅਕਤੀ ਨੂੰ ਬਿਨਾ ਵਿਤਕਰਾ ਪਿਆਰ ਕਰਦੇ ਸਨ। ਉਨ੍ਹਾਂ ਪਹਿਲਾਂ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਫਿਰ ਪਾਕਿਸਤਾਨ ਦੇ ਫੌਜੀ ਡਿਕਟੇਟਰਾਂ ਦੀਆਂ ਜੇਲ੍ਹਾਂ ਵਿਚ ਲਗਪਗ 30 ਤੋਂ ਵੱਧ ਸਾਲ ਗੁਜ਼ਾਰੇ। ਉਹ ਕਾਫੀ ਸਮਾਂ ਜਲਾਵਤਨ ਵੀ ਕੀਤੇ ਗਏ।

ਬਾਦਸ਼ਾਹ ਖਾਨ ਪਾਕਿਸਤਾਨ ਬਣਨ ਦੇ ਕੱਟੜ ਵਿਰੋਧੀ ਸਨ। ਜਦੋਂ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਬਾਦਸ਼ਾਹ ਖਾਨ ਨਾਲ ਸਲਾਹ ਕੀਤੇ ਬਿਨਾਂ ਹੀ ਦੇਸ਼ ਦੀ ਵੰਡ ਮੰਨ ਲਈ ਤਾਂ ਬਾਦਸ਼ਾਹ ਖਾਨ ਇਸ ਉਪਰ ਅਤੀ ਦੁਖੀ ਹੋਏ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਦੇਸ਼ ਦੀ ਵੰਡ ਪਰਵਾਨ ਕੀਤੀ ਗਈ।

ਪਾਕਿਸਤਾਨ ਬਣਨ ਤੋਂ ਪਿਛੋਂ, ਕਿਉਂਕਿ ਉਹ ਪਾਕਿਸਤਾਨ ਬਣਨ ਦੇ ਵਿਰੋਧੀ ਸਨ ਇਸ ਲਈ ਕੁਦਰਤੀ ਸੀ ਕਿ ਪਾਕਿਸਤਾਨ ਦੀ ਸਰਕਾਰ ਦੇ ਲਈ ਇਕ ਦੁਸ਼ਮਣ ਸਨ। ਪ੍ਰੰਤੂ ਉਨ੍ਹਾਂ ਆਜ਼ਾਦ ਪਖਤੂਨਸਤਾਨ ਲਈ ਸੰਗਰਾਮ ਸ਼ੁਰੂ ਕਰ ਦਿੱਤਾ। ਜੋਕਿ ਕੁਦਰਤੀ ਸੀ ਕਿ ਉਹ ਕਦੀ ਪ੍ਰਾਪਤ ਨਹੀਂ ਕਰ ਸਕਦੇ ਸਨ ਪਰ ਸੂਬੇ ਲਈ ਵੱਧ ਅਧਿਕਾਰ ਵੀ ਉਹ ਪ੍ਰਾਪਤ ਨਾ ਕਰ ਸਕੇ ਕਿਉਂਕਿ ਪਾਕਿਸਤਾਨੀ ਸਰਕਾਰ ਨੇ ਲੰਬਾ ਸਮਾਂ ਪਖਤੂਨੀ ਲੋਕਾਂ ਉਪਰ ਅਤੀ ਕਹਿਰ ਦਾ ਅਤਿਆਚਾਰ ਕੀਤਾ। ਸਾਲਾਂ ਦੇ ਸਾਲ ਉਥੇ ਐਂਮਰਜੈਂਸੀ ਲਾਈ ਰੱਖੀ।

ਇਸ ਵੇਲੇ ਉਨ੍ਹਾਂ ਦਾ ਪੁਤਰ ਖਾਨ ਵਲੀ ਖਾਨ ਵੀ ਬਾਦਸ਼ਾਹ ਖਾਨ ਦੇ ਨਕਸ਼ੇ ਕਦਮ ਉਪਰ ਚਲ ਰਿਹਾ ਹੈ। ਇਹ ਸਿਰਫ ਅਖੌਤੀ ਲੀਡਰ ਹੀ ਨਹੀਂ ਸਨ, ਸਗੋਂ ਪਖਤੂਨ ਲੋਕਾਂ ਦੇ ਦਿਲਾਂ ਦੇ ਨੇੜੇ ਰਹਿਣ ਵਾਲੇ ਹਰਮਨ ਪਿਆਰੇ ਨੇਤਾ ਸਨ।

ਭਾਰਤ ਸਰਕਾਰ ਨੇ ਮਹਾਨ ਦੇਸ਼ ਭਗਤ ਬਾਦਸ਼ਾਹ ਖਾਨ ਦੇ ਚਲਾਣੇ ਦੀ ਦੁਖਦਾਈ ਖਬਰ ਸੁਣ ਕੇ ਉਨ੍ਹਾਂ ਦੇ ਸਨਮਾਨ ਵਿਚ ਦੇਸ਼ ਭਰ ਵਿਚ ਸਰਕਾਰੀ ਝੰਡੇ ਨੀਵੇਂ ਕਰਕੇ ਜੋ ਇਕ ਦਿਨ ਦਾ ਦੇਸ਼ ਵਿਆਪੀ ਮਾਤਮ ਮਨਾਇਆ ਹੈ, ਇਹ ਬਾਦਸ਼ਾਹ ਖਾਨ ਲਈ ਭਾਰਤ ਦੇ ਸਮੁੱਚੇ ਲੋਕਾਂ ਵਲੋਂ ਢੁਕਵੀਂ ਸ਼ਰਧਾਂਜਲੀ ਹੈ, ਜੋ ਕਿ ਦਿਤੀ ਹੀ ਜਾਣੀ ਚਾਹੀਦੀ ਸੀ।

ਬਾਦਸ਼ਾਹ ਖਾਨ ਦੇ ਜੀਵਨ ਸੰਗਰਾਮ ਤੋਂ ਇਕ ਸੰਦੇਸ਼ ਸਾਡੇ ਭਾਰਤ ਦੇ ਲੋਕਾਂ ਨੂੰ ਇਹ ਮਿਲਦਾ ਹੈ ਕਿ ਦੇਸ਼ ਦੀ ਏਕਤਾ ਅਖੰਡਤਾ ਨੂੰ ਅਗੋਂ ਕਾਇਮ ਰੱਖਣਾ ਚਾਹੀਦਾ ਹੈ। ਇਹ ਉਨ੍ਹਾਂ ਦੇ ਦਿਲ ਦੀ ਇਕ ਚਾਹ ਸੀ, ਜੋ ਆਜ਼ਾਦ ਭਾਰਤ ਦੇ ਆਗੂਆਂ ਨੇ ਉਨ੍ਹਾਂ ਦੀ ਪਰਵਾਹ ਕੀਤੇ ਬਿਨਾਂ ਹੀ ਨਿਰਦਾਇਤਾ ਨਾਲ ਤੋੜ ਦਿੱਤੀ।

## ਵੈਨ ਸਿਟੀ ਸੇਵਿੰਗਜ਼ ਧਿਆਨ ਦੇਵੇ

(ਇਹ ਖਤ ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਨੇ ਵੈਨ ਸਿਟੀ ਸੇਵਿੰਗਜ਼ ਦੇ ਬੋਰਡ ਆਫ਼ ਡਾਇਰੈਕਟਰਜ਼ ਨੂੰ ਲਿਖਿਆ ਹੈ ਜਿਸਦੀ ਕਾਪੀ 'ਕੈਨੇਡਾ ਦਰਪਣ' ਨੂੰ ਭੇਜੀ ਗਈ ਹੈ। ਉਸਦਾ ਪੰਜਾਬੀ ਰੂਪ ਅਸੀਂ ਹੇਠਾਂ ਛਾਪ ਰਹੇ ਹਾਂ — ਸੰਪਾਦਕ)

ਬੋਰਡ ਆਫ਼ ਡਾਇਰੈਕਟਰਜ਼,
ਵੈਨ ਸਿਟੀ ਸੇਵਿੰਗਜ਼,
8 ਐਵੇਨੀਊ ਤੇ ਕਰੌਂਬੀ,
ਵੈਨਕੂਵਰ, ਬੀ. ਸੀ.

ਵਿਸ਼ਾ : ਬੌਬ ਲੇਟਿਨ ਐਂਡ ਕੰਪਨੀ

ਸ੍ਰੀਮਾਨ/ਸ੍ਰੀਮਤੀ ਜੀ,

14 ਜਨਵਰੀ ਸ਼ਾਮ ਦੇ ਛੇ ਵਜੇ ਉਨ੍ਹਾਂ ਚਾਰ ਵਿਅਕਤੀਆਂ ਨੇ ਤੁਹਾਨੂੰ ਉਹ ਸਾਰਾ ਕੁਝ ਬਿਆਨ ਕਰਕੇ ਦੱਸਿਆ ਸੀ ਕਿ ਕਿਵੇਂ ਉਨ੍ਹਾਂ ਨਸਲਵਾਦੀ ਅਤੇ ਲਿੰਗ-ਆਧਾਰਤ ਪ੍ਰੇਸ਼ਾਨੀ ਦਾ ਸਾਹਮਣਾ ਕੀਤਾ ਹੈ ਜੋ ਉਪਰੋਕਤ ਕੰਪਨੀ ਕਰ ਰਹੀ ਹੈ ਜਿਸ ਨਾਲ ਤੁਹਾਡਾ ਕਾਫੀ ਵੱਡਾ ਕੰਨਟ੍ਰੈਕਟ ਹੈ।

ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੁਸੀਂ ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਦੇ ਨੁਮਾਇੰਦਿਆਂ ਨੂੰ ਨਸਲਵਾਦ ਤੇ ਲਿੰਗ-ਵਾਦ ਦਾ ਸ਼ਿਕਾਰ ਵਿਅਕਤੀਆਂ ਨਾਲ ਸੁਣਵਾਈ ਸਮੇਂ ਪੇਸ਼ ਹੋਣ ਦੀ ਇਜਾਜ਼ਤ ਦਿੱਤੀ। ਪਰ ਸਾਨੂੰ ਇਸ ਗੱਲ ਦਾ ਬੜਾ ਦੁੱਖ ਹੈ ਜੋ ਗੱਲਾਂ ਕਮੇਟੀ ਦੇ ਚੇਅਰਮੈਨ ਨੇ ਕਹੀਆਂ। ਉਨ੍ਹਾਂ ਗੱਲਾਂ ਤੋਂ ਇਹ ਪ੍ਰਭਾਵ ਪੈਂਦਾ ਸੀ ਕਿ ਵੈਨ ਸਿਟੀ ਇਸ ਗੱਲ ਲਈ ਜ਼ਿਮੇਂਵਾਰ ਨਹੀਂ ਹੈ ਕਿਉਂਕਿ ਇਹ ਲੋਕ ਇਸ ਅਦਾਰੇ ਨੇ ਸਿੱਧੇ ਨੌਕਰੀ ਉਤੇ ਨਹੀਂ ਰੱਖੇ ਹੋਏ।

ਸਾਡਾ ਵਿਸ਼ਵਾਸ਼ ਹੈ ਕਿ ਲੇਟਿਨ ਐਂਡ ਕੰਪਨੀ ਛੁਪੇ ਹੋਏ ਛੋਟੇ ਕਿਰਕਾਫ਼ ਹਨ। ਤੁਹਾਡੇ ਵਰਗੇ ਮਾਣ ਵਾਲੇ ਅਤੇ ਅਗਾਂਹਵਧੂ ਬੈਂਕਿੰਗ ਅਦਾਰੇ ਨੂੰ ਇਹੋ ਜਿਹੀਆਂ ਫ਼ਰਮਾਂ ਨਾਲ ਸਾਰੇ ਕੰਨਟ੍ਰੈਕਟ ਖਤਮ ਕਰਨੇ ਚਾਹੀਦੇ ਹਨ ਜੋ ਕਾਮਿਆਂ ਪ੍ਰਤੀ ਗ਼ਲਤ ਕਾਰਵਾਈਆਂ ਅਪਣਾਉਂਦੇ ਹਨ ਅਤੇ ਆਪਣੇ ਮੁਲਾਜ਼ਮਾਂ ਦੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਕਰਦੇ ਹਨ। ਜੇ ਇਹ ਹਾਲਾਤ ਲੋਕਾਂ ਸਾਹਮਣੇ ਆ ਗਏ ਤਾਂ ਸਾਨੂੰ ਯਕੀਨ ਹੈ ਕਿ ਵੈਨ ਸਿਟੀ ਦੇ ਮੈਂਬਰ ਤੁਹਾਡੀਆਂ ਬਾਹਰ ਠੇਕੇ ਦੇਣ ਵਾਲੀਆਂ ਪਾਲਸੀਆਂ ਨਾਲ ਜ਼ਰੂਰ ਨਰਾਜ਼ ਹੋਣਗੇ।

ਸਾਨੂੰ ਆਸ ਹੈ ਕਿ ਤੁਸੀਂ ਇਸ ਸ਼ਕਾਇਤ ਦਾ ਛੇਤੀ ਹੱਲ ਕਰੋਗੇ। ਅਸੀਂ ਤੁਹਾਡੇ ਉਤਰ ਦੀ ਉਡੀਕ ਵਿਚ ਹਾਂ। ਧੰਨਵਾਦ।

ਤੁਹਾਡਾ ਹਿਤੂ
ਚਰਨਪਾਲ ਗਿੱਲ
ਪ੍ਰਧਾਨ, ਬੀ. ਸੀ. ਆਰਗੇਨਾਈਜ਼ੇਸ਼ਨ ਟੂ ਫਾਈਟ ਰੇਸਇਜ਼ਮ (B.C.O.F.R.)

## ਸਿਖ ਤੇ ਮਾਸ

ਸਤਿਕਾਰਯੋਗ ਐਡੀਟਰ ਸਾਹਿਬ,

ਮੈਂ ਤੁਹਾਡੇ ਕੈਨੇਡਾ ਦਰਪਣ 'ਚ 'ਧਰਮ ਅਤੇ ਫਲਸਫਾ' ਦੇ ਮਜਮੂਨ ਹੇਠ ਛਪੇ 'ਸਿਖ ਅਤੇ ਮਾਸ' ਨਾਂ ਦੇ ਲੇਖ ਜੋ ਕਿ ਮੇਹਰ ਸਿੰਘ ਸੰਧੂ ਨੇ ਲਿਖਿਆ ਸੀ ਵਾਰੇ ਆਪਣੇ ਵੀਚਾਰ ਭੇਜ ਰਿਹਾਂ ਜੇਕਰ ਤੁਸੀਂ ਇਹ ਖਤਮ ਮੇਹਰ ਸਿੰਘ ਸੰਧੂ ਦੀ ਤੀਜੀ ਕਿਸ਼ਤ ਨਾਲ ਛਾਪ ਦੇਵੋਂ ਤਾਂ ਵਾਹ ਭਲੀ ਨਹੀਂ ਤਾਂ ਸੰਧੂ ਸਾਹਿਬ ਤੱਕ ਜ਼ਰੂਰ ਪਹੁੰਚਾ ਦੇਣਾ।

ਜਗਦੀਸ਼ 'ਗਰੇਵਾਲ'
ਕਲੀਅਰਬਰੁੱਕ

ਨੋਟ — ਤੁਹਾਡਾ ਲੇਖ ਅਗਲੇ ਅੰਕ ਵਿਚ ਛਪੇਗਾ।

## ਮਾਨਵਵਾਦੀ ਕੀਮਤਾਂ

ਸ੍ਰੀਮਾਨ ਜੀ,

ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚੋਂ ਸਿਰਫ਼ ਤੁਸੀਂ ਹੀ ਮਾਨਵਵਾਦੀ ਰਹਿ ਗਏ ਹੋ ਨਹੀਂ ਤਾਂ ਕੰਵਲ ਵਰਗਿਆਂ ਦੀਆਂ ਕਲਮਾਂ ਵੀ ਕੁਚਲੇ - ਧਤੂਰੇ ਬੀਜਣ ਲੱਗ ਪਈਆਂ ਹਨ।

ਤੁਸੀਂ ਉਹ ਬੂਟੇ ਹੋ ਜੋ ਪਤਝੜ ਵਿਚ ਵੀ ਹਰੇ ਰਹੇ, ਨਹੀਂ ਤਾਂ ਵੱਡੇ ਵੱਡੇ ਮਾਨਵਵਾਦੀਆਂ ਦੀਆਂ ਕਲਮਾਂ ਵੀ ਵੇਸਵਾ ਦਾ ਪੇਸ਼ਾ ਅਖਤਿਆਰ ਕਰ ਗਈਆਂ ਹਨ। ਤੁਸੀਂ ਆਦਮੀਅਤ ਤੇ ਕੁਦਰਤੀ ਮਜ਼੍ਹਬ ਨੂੰ ਤਲਾਂਜਲੀ ਨਹੀਂ ਦਿੱਤੀ। ਮੈਂ ਤੁਹਾਨੂੰ ਤੇ ਤੁਹਾਡੇ ਸਾਰੇ ਦੋਸਤਾਂ ਤੇ ਅੱਗੇਵਧੂਆਂ ਨੂੰ ਸਿਰ ਨਿਵਾਉਂਦਾ ਹੈ।

'ਕੈਨੇਡਾ ਦਰਪਣ' ਵਿਚ ਰਾਮ ਸਿੰਘ ਢਿੱਲੋਂ, ਗਿਆਨੀ ਜੰਗ ਸਿੰਘ ਵਰਗੇ ਲਿਖਾਰੀਆਂ ਦੇ ਲੇਖ ਮਹੀਨੇ ਵਿਚ ਇਕ ਇਕ ਵਾਰ ਜ਼ਰੂਰ ਛਪਣੇ ਚਾਹੀਦੇ ਹਨ।

ਮੇਰਾ ਨਵਾਂ ਐਡਰੈਸ ਨੋਟ ਕਰ ਲੈਣਾ।

ਤੁਹਾਡਾ
ਕਰਨੈਲ ਸਿੰਘ 'ਪਾਰਸ'
ਰਾਮੂਵਾਲੀਆ, ਓਨਟੈਰੀਓ

## ਪੇਪਰ ਵਕਤ ਸਿਰ ਨਹੀਂ ਮਿਲਦਾ

ਸ੍ਰੀਮਾਨ ਜੀ,

1987 ਵਿਚ ਆਪ ਜੀ ਦਾ ਕੋਈ ਪੇਪਰ ਵਕਤ ਸਿਰ ਨਹੀਂ ਮਿਲਿਆ। ਕਈ ਵਾਰ ਮਹੀਨੇ ਪਿਛੋਂ ਤਿੰਨ ਤਿੰਨ ਪੇਪਰ ਇਕੱਠੇ ਮਿਲਦੇ ਰਹੇ ਹਨ।

ਅਗਲਾ ਸਾਲਾਨਾ ਚੰਦਾ ਹਾਜ਼ਰ ਹੈ।

ਆਪਦਾ ਪਾਠਕ,
ਕੇਵਲ ਸਿੰਘ ਬੈਂਸ
ਲੇਕ ਕੋਵੀਚਨ, ਬੀ. ਸੀ.

ਨੋਟ :— 'ਕੈਨੇਡਾ ਦਰਪਣ' ਹਰ ਵੀਰਵਾਰ ਮੇਲ ਵਿਚ ਪਾ ਦਿੱਤਾ ਜਾਂਦਾ ਹੈ। ਹਰ ਵਾਰ ਸ਼ਿਕਾਇਤਾਂ ਪੋਸਟ ਆਫ਼ਿਸ ਲਿਖਵਾਉਣ ਦੇ ਬਾਵਜੂਦ ਕੋਈ ਐਕਸ਼ਨ ਨਹੀਂ ਹੈ — ਸੰਪਾਦਕ

## ਪਾਰਟੀ 'ਚ ਸੰਕਟ ਨਹੀਂ — ਬਹੂਗੁਣਾ

ਨਵੀਂ ਦਿੱਲੀ — ਲੋਕ ਦਲ (ਬ) ਦੇ ਪ੍ਰਧਾਨ ਹੇਮਵਤੀ ਨੰਦਨ ਬਹੂਗੁਣਾ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਵਿਚ ਕੋਈ ਸਿਆਸੀ ਸੰਕਟ ਨਹੀਂ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਚੌਧਰੀ ਦੇਵੀ ਲਾਲ ਨੇ ਪਹਿਲਾਂ ਹੀ ਫੋਨ 'ਤੇ ਉਨ੍ਹਾਂ ਨਾਲ ਗੱਲਬਾਤ ਕਰ ਲਈ ਹੈ ਅਤੇ ਚਿੰਤਾ ਦਾ ਕੋਈ ਕਾਰਨ ਨਹੀਂ ਹੈ। ਉਨ੍ਹਾਂ ਕਿਹਾਂ, "ਪਾਰਟੀ ਵਿਚ ਆਮ ਕਰਕੇ ਅਤੇ ਹਰਿਆਣਾ ਵਿਚ ਖਾਸ ਕਰਕੇ ਪਾਰਟੀ ਵਿਚ ਕੋਈ ਸੰਕਟ ਨਹੀਂ ਹੈ।"

ਸ੍ਰੀ ਓਮ ਪ੍ਰਕਾਸ਼ ਚੁਟਾਲਾ ਦਾ ਪਾਰਟੀ ਦੀ ਹਰਿਆਣਾ ਇਕਾਈ ਦੀ ਪ੍ਰਧਾਨਗੀ ਤੋਂ ਅਸਤੀਫਾ ਉਨ੍ਹਾਂ ਨੂੰ ਮਿਲਿਆ ਜਾਂ ਨਹੀਂ, ਇਸ ਪ੍ਰਸ਼ਨ ਦਾ ਉਤਰ ਸ੍ਰੀ ਬਹੂਗੁਣਾ ਖੂਬਸੂਰਤੀ ਨਾਲ ਟਾਲ ਗਏ। ਉਨ੍ਹਾਂ ਕਿਹਾ, "ਕਈ ਦਿਨ ਮੈਂ ਬਾਹਰ ਘੁੰਮਦਾ ਰਿਹਾ ਹਾਂ ਅਤੇ ਅੱਜ ਸਵੇਰੇ ਹੀ ਦਿੱਲੀ ਪੁਜਿਆ ਹਾਂ। ਛੇਤੀ ਹੀ ਚਿੱਠੀਆਂ ਵੇਖਾਂਗਾ।"

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

Evening Office : 433-4685

Tel: Off. 324-9441

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇੰਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇੰਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

# ਫਲਸਤੀਨੀ ਜਲਾਵਤਨ ਸਰਕਾਰ ਬਣਾਉਣਗੇ

ਬਗਦਾਦ — ਫਲਸਤੀਨ ਮੁਕਤੀ ਜਥੇਬੰਦੀ (ਪੀ ਐਲ ਓ) ਦੀ ਕੇਂਦਰੀ ਕੌਂਸਲ ਦੀ ਵੀਰਵਾਰ ਨੂੰ ਇਥੇ ਹੋ ਰਹੀ ਮੀਟਿੰਗ ਵਿਚ ਜਲਾਵਤਨ ਸਰਕਾਰ ਕਾਇਮ ਕਰਨ ਬਾਰੇ ਵਿਚਾਰ ਕੀਤੀ ਜਾਵੇਗੀ। ਜਥੇਬੰਦੀ ਦੇ ਇਕ ਬੁਲਾਰੇ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ 95 ਮੈਂਬਰੀ ਕੌਂਸਲ ਜਲਾਵਤਨ ਸਰਕਾਰ ਦੇ ਸੰਵਿਧਾਨਕ ਤੇ ਸਿਆਸੀ ਪਹਿਲੂਆਂ ਬਾਰੇ ਆਪਣੀ ਕਾਨੂੰਨੀ ਕਮੇਟੀ ਦੀ ਰਿਪੋਰਟ ਉਤੇ ਵਿਚਾਰ ਕਰੇਗੀ। "ਵਾਸ਼ਿੰਗਟਨ ਪੋਸਟ" ਅਖਬਾਰ ਅਨੁਸਾਰ ਪੀ ਐਲ ਓ ਦੇ ਮੁਖੀ ਯਾਸਰ ਅਰਾਫਤ ਅਨੁਸਾਰ ਅਜਿਹੀ ਸਰਕਾਰ ਛੇਤੀ ਹੀ ਕਾਇਮ ਕਰ ਲਏ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾਂ, "ਮੇਰੇ ਖਿਆਲ ਅਨੁਸਾਰ ਸਾਨੂੰ ਅਜਿਹੀ ਸਰਕਾਰ ਕਾਇਮ ਕਰਨ ਦੀ ਜ਼ਰੂਰਤ ਹੈ।" ਇਸ ਯੋਜਨਾ ਉਤੇ ਗੱਲਬਾਤ ਅਗਲੇ ਮਹੀਨੇ ਦੇ ਸ਼ੁਰੂ ਵਿਚ ਹੋਣ ਦੀ ਸੰਭਾਵਨਾ ਹੈ।

### ਕੰਪੂਚੀਆ ਮਸਲਾ

ਬੰਕਾਕ — ਕੰਪੂਚੀਆ ਦੇ ਬਾਗੀ ਨੇਤਾ ਰਾਜਕੁਮਾਰ ਨੌਰਦਮ ਸਿਹਾਨੂਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਨੌਮ ਪੇਨ ਦੇ ਪ੍ਰਧਾਨ ਮੰਤਰੀ ਹੂ ਸੇਨ ਨਾਲ ਉਤਰੀ ਕੋਰੀਆ ਦੀ ਬਜਾਏ ਇਸੇ ਮਹੀਨੇ ਫਰਾਂਸ 'ਚ ਮੀਟਿੰਗ ਕਰਨਗੇ। ਇਸੇ ਦੌਰਾਨ ਇਥੇ ਜਾਰੀ ਕੀਤੇ ਇਕ ਬਿਆਨ ਅਨੁਸਾਰ ਰਾਜਕੁਮਾਰ ਸਿਹਾਨੂਕ ਨੇ ਕਿਹਾ ਕਿ ਉਹ ਹਨੋਈ ਦੀ ਮਦਦ ਵਾਲੀ ਨੌਕ ਪੇਨ ਸਰਕਾਰ ਦੇ ਮੁਖੀ ਨਾਲ ਆਪਣੀ ਮੁਲਾਕਾਤ ਸਮੇਂ ਇਸ ਗੱਲ ਉਤੇ ਅੜਨਗੇ ਕਿ ਕੰਪੂਚੀਆ ਵਿਚੋਂ ਵੀਅਤਨਾਮੀ ਫੌਜਾਂ ਕੱਢੀਆਂ ਜਾਣ। ਇਹ ਮੁਲਾਕਾਤ 27 ਜਨਵਰੀ ਦੇ ਇਰਦ ਗਿਰਦ ਹੋਣ ਦੀ ਸੰਭਾਵਨਾ ਹੈ।

### ਫਰਾਂਸੀਸੀ ਪੱਤਰਕਾਰ ਨੂੰ ਸਜ਼ਾ

ਮਾਸਕੋ — ਫਰਾਂਸ ਦੇ ਇਕ ਨਿਊਜ਼ ਤੇ ਟੈਲੀਵੀਜ਼ਨ ਫੋਟੋ ਪੱਤਰਕਾਰ, ਜਿਹੜਾ ਨਾਜਾਇਜ਼ ਤੌਰ ਉਤੇ ਅਫਗਾਨਿਸਤਾਨ ਵਿਚ ਦਾਖਲ ਹੋ ਕੇ ਅਫਗਾਨ ਬਾਗੀਆਂ ਨਾਲ ਰਿਹਾ, ਨੂੰ ਇਕ ਵਿਸ਼ੇਸ਼ ਅਦਾਲਤ ਨੇ ਦਸ ਸਾਲ ਕੈਦ ਦੀ ਸਜ਼ਾ ਸੁਣਾਈ। ਵਿਸ਼ੇਸ਼ ਇਨਕਲਾਬੀ ਅਦਾਲਤ ਨੇ ਅਲਾਇਨ ਜੀਨ ਏਟੀਏਨੇ ਗਿਉਲੋ ਨਾਮੀ ਇਸ ਪੱਤਰਕਾਰ ਨੂੰ ਪਾਕਿਸਤਾਨ ਦੀ ਤਰਫੋਂ ਅਫਗਾਨਿਸਤਾਨ ਵਿਚ ਨਾਜਾਇਜ਼ ਤੌਰ ਉਤੇ ਦਾਖਲ ਹੋਣ, ਸਰਕਾਰ ਵਿਰੋਧੀ ਬਾਗੀ ਧੜੇ ਨਾਲ ਠਹਿਰਣ ਤੇ ਜਾਸੂਸੀ ਕਾਰਵਾਈਆਂ ਕਰਨ ਲਈ ਦੋਸ਼ੀ ਪਾਇਆ ਹੈ। ਗਿਉਲੋ ਫਰਾਂਸ ਦੀ ਸਿਗਮਾ ਖਬਰ ਏਜੰਸੀ ਨਾਲ ਸਬੰਧਤ ਸੀ ਪਰ ਅਫਗਾਨ ਅਧਿਕਾਰੀਆਂ ਅਨੁਸਾਰ ਕੁਝ ਹੋਰਨਾਂ ਏਜੰਸੀਆਂ ਲਈ ਵੀ ਕੰਮ ਕੀਤਾ। ਇਹ ਜਾਣਕਾਰੀ ਸੋਵੀਅਤ ਖਬਰ ਏਜੰਸੀ ਤਾਸ ਨੇ ਦਿੱਤੀ ਹੈ।

# ਪੁਲੀਸ ਅਫਸਰਾਂ ਦੀਆਂ ਤਰੱਕੀਆਂ

## ਪੰਜਾਬ ਨੇ ਕੇਂਦਰ ਤੋਂ ਨਿਰਦੇਸ਼ ਮੰਗੇ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਅਜਿਹੇ ਆਈ. ਪੀ. ਐਸ. ਅਧਿਕਾਰੀਆਂ ਦੀ ਤਰੱਕੀ ਸਬੰਧੀ ਕੇਂਦਰ ਸਰਕਾਰ ਪਾਸੋਂ ਤਾਜ਼ਾ ਹਦਾਇਤਾਂ ਮੰਗੀਆਂ ਹਨ ਜਿਨ੍ਹਾਂ ਵਿਰੁਧ ਫੌਜਦਾਰੀ ਤੇ ਸਿਵਲ ਜਾਂਚ ਚਲ ਰਹੀ ਹੈ। ਤਰੱਕੀਆਂ ਬਾਰੇ ਵਿਭਾਗੀ ਕਮੇਟੀ ਦਾ 31 ਦਸੰਬਰ ਨੂੰ ਹੋਈ ਮੀਟਿੰਗ ਪਿਛੋਂ ਤਾਜ਼ਾ ਹਦਾਇਤਾਂ ਮੰਗਣ ਦਾ ਫੈਸਲਾ ਕੀਤਾ ਗਿਆ। ਰਾਜ ਦੇ ਮੁਖ ਸਕੱਤਰ ਪੀ ਐਚ ਵੈਸ਼ਨਵ, ਐਡੀਸ਼ਨਲ ਚੀਫ ਸੈਕਟਰੀ ਆਰ ਪੀ ਓਝਾ ਜੋ ਕਿ ਗ੍ਰਹਿ ਸਕੱਤਰ ਵੀ ਹਨ ਅਤੇ ਅੰਦਰੂਨੀ ਸੁਰੱਖਿਆ ਦੇ ਸਕੱਤਰ ਤੇ ਪੁਲੀਸ ਦੇ ਡਾਇਰੈਕਟਰ ਜਨਰਲ ਜੇ ਐਫ ਰਿਬੇਰੋ ਨੂੰ ਲੈ ਕੇ ਬਣੀ ਕਮੇਟੀ ਦੀ ਉਕਤ ਮੀਟਿੰਗ ਵਿਚ ਡੀ ਆਈ ਜੀ ਦੇ ਅਹੁਦੇ ਲਈ ਤਰੱਕੀਆਂ ਬਾਰੇ ਇਸੇ ਅੜਚਣ ਕਾਰਨ ਫੈਸਲਾ ਨਹੀਂ ਹੋ ਸਕਿਆ ਸੀ। ਇਨ੍ਹਾਂ ਤਰੱਕੀਆਂ ਦੇ ਸਬੰਧ ਵਿਚ ਸ੍ਰੀ ਡੀ ਆਰ ਭੱਟੀ ਦਾ ਮਾਮਲਾ ਵਿਸ਼ੇਸ਼ ਤੌਰ ਤੇ ਆਉਂਦਾ ਹੈ ਜਿਨ੍ਹਾਂ ਦੇ ਖਿਲਾਫ ਪਾਇਲ ਕਤਲ ਕਾਂਡ ਵਿਚ ਕਤਲ ਦਾ ਮਾਮਲਾ ਚਲ ਰਿਹਾ ਹੈ। ਕੇਂਦਰੀ ਜਾਂਚ ਬਿਊਰੋ ਨੇ ਉਨ੍ਹਾਂ ਵਿਰੁਧ ਭਾਰਤੀ ਦੰਡ ਵਿਧਾਨ ਦੀ ਧਾਰਾ 120-ਬੀ, 302 ਅਤੇ 218 ਅਧੀਨ ਚਲਾਨ ਪੇਸ਼ ਕਰ ਰੱਖੇ ਹਨ।

ਪੰਜਾਬ ਸਰਕਾਰ ਨੇ ਇਹ ਵੀ ਜਾਨਣਾ ਚਾਹਿਆ ਕਿ ਐਡੀਸ਼ਨਲ ਚੀਫ ਸੈਕਟਰੀ ਜੋ ਕਿ ਗ੍ਰਹਿ ਸਕੱਤਰ ਵੀ ਹੈ, ਜਦ ਕਿ ਇਸ ਸਮੇਂ ਪੁਲੀਸ ਵਿਭਾਗ ਦਾ ਕੋਈ ਕੰਮ ਨਹੀਂ ਨਿਪਟਾ ਰਿਹਾ, ਕੀ ਉਸ ਨੂੰ ਵਿਭਾਗੀ ਤਰੱਕੀ ਕਮੇਟੀ ਦਾ ਮੈਂਬਰ ਰਹਿਣਾ ਚਾਹੀਦਾ ਹੈ। ਖਿਆਲ ਕੀਤਾ ਜਾਂਦਾ ਹੈ ਕਿ ਸ੍ਰੀ ਭੱਟੀ ਦੇ ਮਾਮਲੇ ਤੋਂ ਵੱਖ ਰਹਿਣ ਲਈ ਖੁਦ ਸ੍ਰੀ ਓਝਾ ਨੇ ਇਹ ਮਾਮਲਾ ਉਠਾਇਆ ਹੈ।

# ਗ੍ਰਿਫਤਾਰ ਯੁਵਕਾਂ ਨੂੰ ਰਿਹਾਅ ਕਰਨ ਦੀ ਮੰਗ

ਰੋਪੜ — ਗੁਰਚਰਨ ਸਿੰਘ ਸੈਦਪੁਰ ਪ੍ਰੀਜ਼ੀਡੀਅਮ ਮੈਂਬਰ ਕੁੱਲ ਹਿੰਦ ਸਿਖ ਸਟੂਡੈਂਟਸ ਫੈਡਰੇਸ਼ਨ ਜ਼ਿਲਾ ਰੋਪੜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਫੈਡਰੇਸ਼ਨ ਦਾ ਲੁੱਟ-ਖੋਹ ਦੀਆਂ ਵਾਰਦਾਤਾਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਹਰ ਲੁੱਟ-ਖੋਹ ਦੀ ਵਾਰਦਾਤ ਨੂੰ ਫੈਡਰੇਸ਼ਨ ਦੇ ਨਾਂ ਨਾਲ ਜੋੜ ਕੇ ਪੁਲੀਸ ਫੈਡਰੇਸ਼ਨ ਦੇ ਨਾਂ ਨੂੰ ਬਦਨਾਮ ਕਰਨਾ ਚਾਹੁੰਦੀ ਹੈ। ਫੈਡਰੇਸ਼ਨ ਆਗੂ ਨੇ ਕਿਹਾ ਕਿ ਰੋਪੜ ਦੀਆਂ ਕੁਝ ਅਜਿਹੀਆਂ ਵਾਰਦਾਤਾਂ ਸਬੰਧੀ ਪੁਲੀਸ ਨੇ ਕਈ ਅੰਮ੍ਰਿਤਧਾਰੀ ਯੁਵਕਾਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਉਨ੍ਹਾਂ 'ਤੇ ਝੂਠੇ ਕੇਸ ਪਾਉਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਪੁਲੀਸ ਦੀਆਂ ਇਨ੍ਹਾਂ ਕਾਰਵਾਈਆਂ ਦੀ ਕਰੜੀ ਨਿਖੇਧੀ ਕਰਦਿਆਂ ਗ੍ਰਿਫਤਾਰ ਨੌਜਵਾਨਾਂ ਨੂੰ ਤੁਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

# ਕੇਂਦਰ ਦੀ ਮਸਲੇ ਦੇ ਹੱਲ 'ਚ ਦਿਲਚਸਪੀ ਨਹੀਂ

ਚੰਡੀਗੜ੍ਹ — ਆਲ ਇੰਡੀਆ ਯੂਥ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਵਰਿੰਦਰਪਾਲ ਸਿੰਘ ਨੇ ਕਿਹਾ ਕਿ ਗ੍ਰਹਿ ਮੰਤਰੀ ਬੂਟਾ ਸਿੰਘ ਵਲੋਂ ਦਿੱਤੇ ਬਿਆਨ ਤੋਂ ਪਤਾ ਲਗਦਾ ਹੈ ਕਿ ਕੇਂਦਰ ਦੀ ਪੰਜਾਬ ਮਸਲੇ ਦੇ ਹੱਲ ਲਈ ਕੋਈ ਦਿਲਚਸਪੀ ਨਹੀਂ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਮਸਲੇ ਦੇ ਹੱਲ ਲਈ ਪੂਰੀ ਗੰਭੀਰਤਾ ਨਾਲ ਫਾਰਮੂਲਾ ਦਿੱਤਾ ਸੀ। ਯੁਵਕ ਨੇਤਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਪ੍ਰੋ: ਦਰਸ਼ਨ ਸਿੰਘ ਦਾ ਅਕਾਲ ਤਖਤ ਦੀ ਐਕਟਿੰਗ ਜਥੇਦਾਰੀ ਤੋਂ ਅਸਤੀਫਾ ਪ੍ਰਵਾਨ ਕਰਕੇ ਬੇਲੋੜੀ ਬਹਿਸ ਖਤਮ ਕੀਤੀ ਜਾਵੇ।

ਜੇ ਰਤੁ ਲਗੈ ਕਪੜਾ,
ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ,
ਤਿਨ ਕਿਉ ਨਿਰਮਲ
ਚੀਤੁ॥

CALL US FIRST
IATA
Express Internationl Travel (1986) Ltd. ATAC
Approved Agent All Major Airlines
ਪਹਿਲੀ ਐਨੀਵਰਸਰੀ ਦੀ ਖੁਸ਼ੀ ਵਿਚ ਟਿਕਟਾਂ ਦੀ ਧਮਾਕੇਦਾਰ ਸੇਲ ਲੱਗ ਗਈ
ਸਿੰਘਾਂਪੁਰ $1100 ਰੀਟਰਨ ਹਾਂਗਕਾਂਗ $780 ਰੀਟਰਨ ਟਰਾਂਟੋ $199 ਰੀਟਰਨ ਇੰਗਲੈਂਡ $595 ਰੀਟਰਨ
ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ। ਕੈਲਗਰੀ ਤੇ ਐਡਮਿੰਟਨ $99 ਰੀਟਰਨ
ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।
ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ
ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ Ph. 321-8777
5787 Victoria Drive, Vancouver, B.C. V5P 3W5

AJIT KANG

ਦੂਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
AUTHORIZED AGENTS FOR:
AIR CANADA
BRITISH AIRWAYS
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES.
CATHAY PACIFIC

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ
CALL TOLL FREE 1-800-663-6699 (B.C. & ALBERTA)
Prices are subject to change without notice
BAINS TRAVEL SERVICE
6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 386-6363

ਪੰਜਾਬੀ ਮਾਰਕਿਟ ਵਿਚ
ਮਾਨ ਸ਼ੂਅ ਸਟੋਰ
ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ
MENS, LADIES & CHILDRENS' SHOES AND LEATHER LUGGAGE & ACCESSORIES
Mohinder Singh Mann
ਮੁਹਿੰਦਰ ਸਿੰਘ ਮਾਨ
321-4353
MANN SHOE STORE
6570 MAIN ST., VANCOUVER, B.C.

# ਰੇਅ ਤੇ ਰਿਬੇਰੋ ਬੂਟਾ ਸਿੰਘ ਨੂੰ ਪੈ ਨਿਕਲੇ

ਚੰਡੀਗੜ੍ਹ — ਬਹੁਤ ਭਰੋਸੇਯੋਗ ਵਸੀਲਿਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਕੇਂਦਰ ਕੋਲ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਸਪਸ਼ਟ ਕਰ ਦਿੱਤਾ ਹੈ ਕਿ ਪਿਛਲੇ ਦਿਨਾਂ ਅੰਦਰ ਕੇਂਦਰ ਨੇ ਪੰਜਾਬ ਸਮੱਸਿਆ ਦੇ ਹੱਲ ਲਈ ਪਹਿਲਕਦਮੀ ਦਾ ਇਕ ਹੋਰ ਅਹਿਮ ਮੌਕਾ ਹੱਥੋਂ ਗੁਆ ਲਿਆ ਹੈ। ਗਵਰਨਰ ਭਵਨ ਵਿਚ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ, ਕੇਂਦਰੀ ਗ੍ਰਹਿ ਸਕੱਤਰ ਸੀ ਜੀ ਸੁਮਈਆ ਨਾਲ ਰਾਜਪਾਲ ਸਿਧਾਰਥ ਸ਼ੰਕਰ ਰੇਅ ਅਤੇ ਪੁਲੀਸ ਦੇ ਡਾਇਰੈਕਟਰ ਜਨਰਲ ਜੇ. ਐਫ. ਰਿਬੇਰੋ ਨੇ ਲਗਪਗ ਦੋ ਘੰਟੇ ਤੋਂ ਵੀ ਵਧੇਰੇ ਸਮਾਂ ਮੁਲਾਕਾਤ ਕੀਤੀ। ਗੱਲਬਾਤ ਦੌਰਾਨ ਪੰਜਾਬ ਅੰਦਰ ਦਹਿਸ਼ਤਵਾਦ ਦੀਆਂ ਵਧ ਰਹੀਆਂ ਵਾਰਦਾਤਾਂ ਅਤੇ ਕਈ ਹੋਰ ਅਹਿਮ ਪਹਿਲੂਆਂ ਉਤੇ ਵਿਸਥਾਰ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ।

ਪਤਾ ਲੱਗਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਰਾਜ ਸਰਕਾਰ ਕੋਲ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਵਿਚ ਅਤਿਵਾਦੀਆਂ ਦੀਆਂ ਵਾਰਦਾਤਾਂ ਆਏ ਦਿਨ ਵਧਦੀਆਂ ਜਾ ਰਹੀਆਂ ਹਨ। ਰਾਜਸੀ ਪਾਰਟੀਆਂ ਦੇ ਆਗੂ ਅਤੇ ਹੋਰ ਲੋਕ ਇਹ ਦੋਸ਼ ਲਾ ਰਹੇ ਹਨ ਕਿ ਰਾਜ ਸਰਕਾਰ ਅਤਿਵਾਦੀਆਂ ਨੂੰ ਠੱਲ੍ਹ ਪਾਉਣ ਵਿਚ ਅਸਫਲ ਸਿੱਧ ਹੋ ਰਹੀ ਹੈ ਉਨ੍ਹਾਂ ਨੇ ਜਾਨਣਾ ਚਾਹਿਆ ਕਿ ਅਜਿਹਾ ਕਿਉਂ ਵਾਪਰ ਰਿਹਾ ਹੈ। ਕਿਹਾ ਜਾਂਦਾ ਹੈ ਕਿ ਇਸ ਮੌਕੇ ਉਤੇ ਸ੍ਰੀ ਰੇਅ ਅਤੇ ਸ੍ਰੀ ਰਿਬੇਰੋ ਨੇ ਰਾਜ ਸਰਕਾਰ ਦੀ ਕਾਰਗੁਜ਼ਾਰੀ ਦੀ ਜ਼ੋਰਦਾਰ ਢੰਗ ਨਾਲ ਪ੍ਰੋੜ੍ਹਤਾ ਕੀਤੀ। ਉਨ੍ਹਾਂ ਕਿਹਾ ਕਿ ਭੋਲੇ-ਭਾਲੇ ਲੋਕਾਂ ਦਾ ਦਹਿਸ਼ਤਪਸੰਦਾਂ ਹੱਥੋਂ ਮਾਰੇ ਜਾਣਾ ਦੁਖਦਾਈ ਹੈ ਪ੍ਰੰਤੂ ਇਹ ਵੀ ਤਾਂ ਵੇਖਿਆ ਜਾਵੇ ਕਿ ਪਿਛਲੇ ਸਮੇਂ ਵਿਚ ਕਿੰਨੇ ਅਤਿਵਾਦੀ ਮਾਰੇ ਗਏ ਜਾਂ ਗ੍ਰਿਫਤਾਰ ਕੀਤੇ ਗਏ। ਇਸ ਲੜਾਈ ਵਿਚ ਕਿਸੇ ਸਮੇਂ ਉਤਰਾ ਜਾਂ ਚੜ੍ਹਾਅ ਆਉਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਸਮਝਿਆ ਜਾਂਦਾ ਹੈ ਕਿ ਪੰਜਾਬ ਦੇ ਦੋਵਾਂ ਉਚ ਅਧਿਕਾਰੀਆਂ ਨੇ ਉਲਟਾ ਗ੍ਰਹਿ ਮੰਤਰੀ ਕੋਲ ਕੇਂਦਰ ਦੇ ਵਤੀਰੇ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਅਕਤੂਬਰ, ਨਵੰਬਰ ਅਤੇ ਦਸੰਬਰ ਵਿਚ ਕੇਂਦਰ ਨੇ ਰਾਜਸੀ ਪਹਿਲਕਦਮੀ ਦਾ ਮੌਕਾ ਹੱਥੋਂ ਗੁਆ ਲਿਆ। ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਦਹਿਸ਼ਤਪਸੰਦਾਂ ਉਪਰ ਸੁਰੱਖਿਆ ਦਸਤੇ ਹਾਵੀ ਸਨ ਅਤੇ ਉਹ ਆਪਸੀ ਤੌਰ ਉਤੇ ਖਿੰਡੇ ਪੁੰਡੇ ਹੋਏ ਸਨ। ਇਸ ਅਰਸੇ ਵਿਚ ਕੇਂਦਰ ਨੂੰ ਚਾਹੀਦਾ ਸੀ ਕਿ ਜੋਧਪੁਰ ਦੇ ਨਜ਼ਰਬੰਦ ਰਿਹਾਅ ਕਰਕੇ ਅਤੇ ਕੁਝ ਹੋਰ ਕਦਮ ਉਠਾ ਕੇ ਪੰਜਾਬ ਦੇ ਲੋਕਾਂ ਅਤੇ ਖਾਸ ਕਰ ਕੇ ਸਿੱਖਾਂ ਦਾ ਮਨ ਜਿੱਤਿਆ ਜਾ ਸਕਦਾ ਸੀ। ਇਸ ਨਾਲ ਅਤਿਵਾਦੀਆਂ ਨੂੰ ਅਲੱਗ ਥਲੱਗ ਕਰਨ ਵਿਚ ਮੱਦਦ ਮਿਲਣੀ ਸੀ ਅਤੇ ਲੋਕਾਂ ਦਾ ਕੇਂਦਰ ਨਾਲ ਭਰੋਸਾ ਜੁੜ ਜਾਣਾ ਸੀ। ਉਨ੍ਹਾਂ ਨੇ ਇਸ ਗੱਲ ਉਤੇ ਹੈਰਾਨਗੀ ਪ੍ਰਗਟ ਕੀਤੀ ਕਿ ਕੇਂਦਰ ਨੇ ਜੇਕਰ ਜੋਧਪੁਰ ਦੇ ਨਜ਼ਰਬੰਦ ਛੱਡਣੇ ਹੀ ਸਨ ਤਾਂ ਪਿਛਲੇ ਦਿਨਾਂ ਵਿਚ ਕਿਉਂ ਨਾ ਛੱਡੇ ਗਏ?

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਰਾਜਪਾਲ ਸ੍ਰੀ ਰੇਅ ਨੇ ਕੇਂਦਰ ਦੇ ਆਗੂਆਂ ਨੂੰ ਕਿਹਾ ਕਿ ਪੰਜਾਬ ਲਈ 'ਉਕਾ-ਪੁੱਕਾ ਆਰਥਿਕ ਪੈਕੇਜ' ਦਾ ਕੀ ਬਣਿਆ? ਉਨ੍ਹਾਂ ਨੇ ਪਿਛਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੂੰ ਲਗਾਤਾਰ ਇਹ ਯਕੀਨ ਦੁਆਇਆ ਕਿ ਕੇਂਦਰ ਦੀ ਪੰਜਾਬ ਬਾਰੇ ਨੀਤੀ ਹੌਲੀ ਹੌਲੀ ਸਾਹਮਣੇ ਆ ਰਹੀ ਹੈ ਅਤੇ ਛੇਤੀ ਹੀ ਢੁਕਵੇਂ ਮੌਕੇ ਉਤੇ 'ਉਕਾ-ਪੁੱਕਾ ਆਰਥਿਕ ਸਮਝੌਤੇ' ਦਾ ਐਲਾਨ ਕੀਤਾ ਜਾਵੇਗਾ। ਰਾਜਪਾਲ ਨੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਹੁਣ ਇਹ ਪਤਾ ਹੀ ਨਹੀਂ ਲਗ ਰਿਹਾ ਕਿ ਉਹ 'ਪੈਕੇਜ' ਕਿਧਰ ਗਿਆ?

ਰਾਜ ਸਰਕਾਰ ਇਹ ਸਮਝਦੀ ਹੈ ਕਿ ਕੇਂਦਰ ਦੀ ਇਸ ਨਾਂਹ ਪੱਖੀ ਨੀਤੀ ਕਾਰਨ ਉਨ੍ਹਾਂ ਨੂੰ ਵੀ ਦਹਿਸ਼ਤਵਾਦ ਵਿਰੁਧ ਲੜਾਈ ਵਿਚ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਰਾਜ ਸਰਕਾਰ ਇਹ ਵੀ ਸਮਝਦੀ ਹੈ ਕਿ ਉਸ ਦੀ ਮਸ਼ੀਨਰੀ ਤਾਂ ਰਾਜ ਦੇ ਲੋਕਾਂ ਦਾ ਮੁਸ਼ਕਲ ਨਾਲ 1 ਪ੍ਰਤੀਸ਼ਤ ਹਿੱਸਾ ਬਣਦੇ ਅਤਿਵਾਦੀਆਂ ਵਿਰੁਧ ਲੜ ਰਹੀ ਹੈ ਪ੍ਰੰਤੂ ਪੰਜਾਬ ਦੀ ਬਾਕੀ 99 ਪ੍ਰਤੀਸ਼ਤ ਵਸੋਂ ਲਈ ਕੇਂਦਰ ਕੀ ਰਾਹਤ ਦੇ ਰਿਹਾ ਹੈ? ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਜਨ ਸੰਪਰਕ ਮੁਹਿੰਮਾਂ ਵੀ ਉਕਾ ਹੀ ਕੋਈ ਅਰਥ ਨਹੀਂ ਰੱਖਦੀਆਂ ਕਿਉਂ ਜੋ ਉਨ੍ਹਾਂ ਲੋਕਾਂ ਲਈ ਕੇਂਦਰ ਕੁਝ ਨਹੀਂ ਕਰ ਰਿਹਾ। ਰਾਜ ਸਰਕਾਰ ਇਸ ਗੱਲ ਤੋਂ ਪੂਰੀ ਤਰ੍ਹਾਂ ਚਿੰਤਤ ਹੈ ਕਿ ਪੰਜਾਬ ਦੇ ਹਰ ਆਦਮੀ ਦਾ ਇਹ ਵਿਸ਼ਵਾਸ ਬਣਦਾ ਜਾ ਰਿਹਾ ਹੈ ਕਿ ਕੇਂਦਰ ਦੀ ਪੰਜਾਬ ਮਸਲੇ ਦੇ ਹੱਲ ਲਈ ਕੋਈ ਰੁਚੀ ਨਹੀਂ ਹੈ।

# ਗਿਆਨੀ ਜ਼ੈਲ ਸਿੰਘ ਧਮਾਕਿਆਂ ਦੇ ਸ਼ੌਕੀਨ ਨਹੀਂ

**ਪ੍ਰੇਮ ਭਾਟੀਆ**

ਨਵੀਂ ਦਿੱਲੀ — ਗਿਆਨੀ ਜ਼ੈਲ ਸਿੰਘ ਨੇ ਹਾਲੇ ਤੱਕ ਆਪਣੀਆਂ ਯਾਦਾਂ ਲਿਖੀਆਂ ਨਹੀਂ, ਪਰ ਪ੍ਰਕਾਸ਼ਕਾਂ ਵਲੋਂ ਉਨ੍ਹਾਂ ਪਾਸ ਕਈ ਪੇਸ਼ਕਸ਼ਾਂ ਆ ਚੁੱਕੀਆਂ ਹਨ। ਇਕ ਪੇਸ਼ਕਸ਼ ਕੌਮਾਂਤਰੀ ਪੱਧਰ ਦੇ ਪ੍ਰਕਾਸ਼ਕਾਂ 'ਪੈਂਗੁਇਨ' ਵਲੋਂ ਵੀ ਹੈ। ਸਾਬਕਾ ਰਾਸ਼ਟਰਪਤੀ ਨੇ ਹਾਲੇ ਪਬਲਿਸ਼ਰ ਬਾਰੇ ਅੰਤਮ ਫੈਸਲਾ ਨਹੀਂ ਲਿਆ, ਪਰ ਉਨ੍ਹਾਂ ਦੇ 4, ਸਰਕੁਲਰ ਰੋਡ ਵਾਲੇ ਨਿਵਾਸ ਸਥਾਨ ਉਤੇ ਕੰਮ ਪੂਰੀ ਰਫਤਾਰ ਨਾਲ ਚਲ ਰਿਹਾ ਹੈ। ਗਿਆਨੀ ਜੀ ਲਿਖਣ ਦਾ ਕੰਮ ਖੁਦ ਨਹੀਂ ਕਰਦੇ। ਸਗੋਂ, ਮਰਹੂਮ ਸ਼ੇਖ ਅਬਦੁੱਲਾ ਦੀ ਸਵੈ-ਜੀਵਨੀ 'ਆਤਿਸ਼-ਏ-ਚਿਨਾਰ' ਵਾਂਗ ਪੁਸਤਕ ਆਪਣੇ ਇਕ ਸਹਾਇਕ — ਜੋ ਆਲ ਇੰਡੀਆ ਰੇਡੀਓ ਦਾ ਸਾਬਕਾ ਅਧਿਕਾਰੀ ਹੈ — ਨੂੰ ਬੋਲਦੇ ਹਨ, ਜੋ ਹਰੇਕ ਚੈਪਟਰ ਦਾ ਪਹਿਲਾ ਖਰੜਾ ਤਿਆਰ ਕਰਦਾ ਹੈ

ਸਭ ਤੋਂ ਪਹਿਲਾਂ ਇਹ ਯਾਦਾਂ ਪੰਜਾਬੀ ਵਿਚ ਲਿਖੀਆਂ ਜਾਣਗੀਆਂ। ਪਰ ਅੰਗਰੇਜ਼ੀ ਅਨੁਵਾਦ ਵੀ ਨਾਲੋ ਨਾਲ ਛਾਪਿਆ ਜਾਵੇਗਾ। ਸਾਬਕਾ ਰਾਸ਼ਟਰਪਤੀ ਦੇ ਲੰਬੇ ਅਤੇ ਘਟਨਾ ਭਰਪੂਰ ਜੀਵਨ ਖਾਸ ਕਰਕੇ ਪ੍ਰਧਾਨ ਮੰਤਰੀ ਵਲੋਂ ਉਨ੍ਹਾਂ ਨਾਲ ਕੀਤੀ ਗਈ ਬੇਲੋੜੀ ਖਹਿਬਾਜ਼ੀ ਵਾਲੇ ਸਾਕੇ ਦੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੂੰ ਪਤਾ ਹੋਵੇਗਾ ਕਿ ਇਹ ਪੁਸਤਕ ਕਿੰਨਾ ਧਮਾਕਾ ਖੜ੍ਹਾ ਕਰੇਗੀ।

ਪਰ ਮੇਰੀ ਸੂਚਨਾ ਅਨੁਸਾਰ ਗਿਆਨੀ ਜੀ ਬਹੁਤ ਗੰਭੀਰ ਭੇਤ ਦੱਸ ਕੇ ਧਮਾਕਾ ਪੈਦਾ ਕਰਨ ਦਾ ਇਰਾਦਾ ਨਹੀਂ ਰਖਦੇ। ਉਹ ਵਿਵਾਦਪੂਰਨ ਮਸਲਿਆਂ ਬਾਰੇ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨਾਲ ਆਪਣੇ ਸਬੰਧਾਂ ਬਾਰੇ ਬਹੁਤੇ ਭੇਤ ਨਹੀਂ ਖੋਲ੍ਹਣਗੇ। ਇਨ੍ਹਾਂ ਵਿਚੋਂ ਇਕ ਮਸਲਾ ਸਰਕਾਰ ਪਾਸੋਂ ਸੰਵਿਧਾਨ ਅਨੁਸਾਰ ਸੂਚਨਾ ਹਾਸਲ ਕਰਨ ਦੇ ਉਨ੍ਹਾਂ ਦੇ ਅਧਿਕਾਰ ਦੀ ਉਲੰਘਣਾ ਹੈ। ਦੂਜਾ ਮਸਲਾ ਰਾਜੀਵ ਗਾਂਧੀ ਵਲੋਂ ਦੇਸ਼ ਦੇ ਮੁਖੀ ਪ੍ਰਤੀ ਵਾਰ ਵਾਰ ਦਿਖਾਈ ਗਈ ਉਦਾਸੀਨਤਾ ਹੈ। ਦਿੱਲੀ ਵਿਚ ਚਲ ਰਹੀ ਇਹ ਗੱਲ ਕਿ ਗਿਆਨੀ ਜ਼ੈਲ ਸਿੰਘ ਸੋਨੀਆ ਗਾਂਧੀ ਬਾਰੇ ਕੁਝ "ਇਕਸ਼ਾਫ" ਕਰਨਗੇ, ਦਾ ਸਾਬਕਾ ਰਾਸ਼ਟਰਪਤੀ ਦੇ ਨਿਕਟਵਰਤੀਆਂ ਨੇ ਜ਼ੋਰਦਾਰ ਖੰਡਨ ਕੀਤਾ ਹੈ ਅਤੇ ਉਸ ਦੇ ਨਿਕਟਵਰਤੀ ਵਿਸ਼ਵਾਸ ਪਾਤਰਾਂ ਦੀ ਗਿਣਤੀ ਅਣਗਿਣਤ ਹੈ। ਉਨ੍ਹਾਂ ਦੀ ਰਿਹਾਇਸ਼ਗਾਹ ਉਤੇ ਹਰ ਰੋਜ਼ ਉਨ੍ਹਾਂ ਦੇ ਦਰਸ਼ਨ ਕਰਨ ਜਾਂ ਪਟੀਸ਼ਨਾਂ ਦੇਣ ਵਾਲਿਆਂ ਦਾ ਤਾਂਤਾ ਲਗਾ ਰਹਿੰਦਾ ਹੈ।

ਪਿਛਲੇ ਦਿਨੀਂ ਅਖਬਾਰਾਂ ਵਿਚ ਗਿਆਨੀ ਜੀ ਦੀ ਮਾਲੀ ਹਾਲਤ ਠੀਕ ਨਾ ਹੋਣ ਬਾਰੇ ਛਪੀਆਂ ਰਿਪੋਰਟਾਂ ਨੇ ਇਹ ਪ੍ਰਭਾਵ ਪਾਇਆ ਸੀ ਕਿ ਉਹ ਬੇਹੱਦ ਮਾੜੀ ਹਾਲਤ ਵਿਚ ਰਹਿ ਰਹੇ ਹਨ। ਇਹ ਰਿਪੋਰਟ ਬਹੁਤ ਮੰਦਭਾਗੀ ਸੀ ਕਿਉਂਕਿ ਇਹ ਲਗਦਾ ਸੀ ਕਿ ਇਹ ਰਿਪੋਰਟ ਖੁਦ ਗਿਆਨੀ ਜੀ ਨੇ ਹੀ ਲਗਵਾਈ ਹੋਵੇ। ਹਾਲਾਂ ਕਿ ਹਾਲਤ ਇਹ ਹੈ ਕਿ ਭਾਵੇਂ ਸਾਬਕਾ ਰਾਸ਼ਟਰਪਤੀ ਅਮੀਰ ਆਦਮੀ ਨਹੀਂ, ਫਿਰ ਵੀ ਆਪਣੀਆਂ ਧੀਆਂ ਸਮੇਤ ਪੁੱਤਰ ਤੋਂ ਸਹਾਇਤਾ ਲਏ ਬਿਨਾਂ ਉਹ ਆਪਣਾ ਖਰਚਾ ਤੋਰ ਸਕਦੇ ਹਨ।

ਪਰ ਸਕੱਤਰੇਤ ਦੇ ਖਰਚੇ ਅਤੇ ਹਲਕੇ ਮਨ-ਪ੍ਰਚਾਵੇ ਬਾਰੇ ਗਿਆਨੀ ਜੀ ਕੁਝ ਔਖੇ ਮਹਿਸੂਸ ਕਰਦੇ ਹਨ। ਉਨ੍ਹਾਂ ਗ੍ਰਹਿ ਮੰਤਰੀ ਜਾਂ ਰਾਸ਼ਟਰਪਤੀ ਹੁੰਦੇ ਹੋਏ ਵੀ ਆਪਣਾ ਮਕਾਨ ਨਹੀਂ ਬਣਾਇਆ। ਫਰੀਦਕੋਟ ਜ਼ਿਲੇ ਦੇ ਜੱਦੀ ਪਿੰਡ ਦਾ ਮਕਾਨ ਸਾਂਝਾ ਹੈ ਜਿਥੇ ਉਨ੍ਹਾਂ ਦੀ ਪਤਨੀ ਪ੍ਰਧਾਨ ਕੌਰ ਰਹਿੰਦੀ ਰਹੀ ਹੈ। ਪਰ ਉਨ੍ਹਾਂ ਦੀ ਜੱਦੀ ਜ਼ਮੀਨ ਵਿਚੋਂ 18 ਏਕੜ ਉਨ੍ਹਾਂ ਦੇ ਹਿੱਸੇ ਆਉਂਦੀ ਹੈ। ਇਸ ਜ਼ਮੀਨ ਦੇ ਹਿੱਸੇ ਵਜੋਂ ਕੁਝ ਦਾਣਾ ਫੱਕਾ ਉਨ੍ਹਾਂ ਦੇ ਅਤੇ ਉਨ੍ਹਾਂ ਦੀ ਪਤਨੀ ਦੇ ਗੁਜ਼ਾਰੇ ਲਈ ਆਉਂਦਾ ਹੈ। ਬੀਬੀ ਪ੍ਰਧਾਨ ਕੌਰ ਸਾਰੀ ਉਮਰ ਪਿੰਡ ਰਹੀ, ਪਰ ਹੁਣ ਉਹ ਗਿਆਨੀ ਜੀ ਨਾਲ ਰਹਿੰਦੀ ਹੈ। ਧੀਆਂ ਪੰਜਾਬ ਵਿਚ ਕੰਮ ਕਰਦੀਆਂ ਹਨ ਅਤੇ ਪੁੱਤਰ ਬੰਗਲੌਰ ਵਿਚ। ਗਿਆਨੀ ਜ਼ੈਲ ਸਿੰਘ ਦਾ ਨਿਮਰਤਾ ਵਾਲਾ ਸੁਭਾਅ ਕਾਇਮ ਹੈ ਅਤੇ ਉਹ ਮਕਾਨ, ਕਾਰ ਅਤੇ ਸੁਰੱਖਿਆ ਦੇਣ ਲਈ ਸਰਕਾਰ ਦੇ ਧੰਨਵਾਦੀ ਹਨ। ਪਰ ਉਹ ਸਾਬਕਾ ਰਾਸ਼ਟਰਪਤੀਆਂ ਦੀ ਪੈਨਸ਼ਨ ਬਾਰੇ ਸਰਕਾਰ ਦੇ ਵਤੀਰੇ ਤੋਂ ਔਖੇ ਹਨ। ਸੰਜੀਵਾ ਰੈਡੀ ਵਾਂਗ ਹੀ ਗਿਆਨੀ ਜੀ ਨੂੰ ਵੀ 2500 ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ। ਜਿਹੜੀ ਰਿਟਾਇਰਡ ਜਾਇੰਟ ਸਕੱਤਰ ਦੀ ਪੈਨਸ਼ਨ ਦੇ ਬਰਾਬਰ ਹੈ। ਕਿਉਂਕਿ ਰਾਸ਼ਟਰਪਤੀ ਨੂੰ ਤਨਖਾਹ 15000 ਰੁਪਏ ਮਿਲਦੀ ਹੈ, ਇਸ ਲਈ ਦੋ ਜਿਉਂਦੇ ਸਾਬਕਾ ਰਾਸ਼ਟਰਪਤੀਆਂ ਦੀ ਪੈਨਸ਼ਨ ਵੀ ਵਧਣੀ ਚਾਹੀਦੀ ਹੈ ਅਤੇ ਇਹ ਤਨਖਾਹ ਦਾ ਘੱਟੋ ਘੱਟ 50 ਫੀਸਦੀ ਹੋਣੀ ਜ਼ਰੂਰੀ ਹੈ। ਚੰਗੇ ਭਾਗਾਂ ਨੂੰ ਗਿਆਨੀ ਜ਼ੈਲ ਸਿੰਘ ਦੀ ਸਿਹਤ ਕਾਫੀ ਠੀਕ ਹੈ ਅਤੇ ਸਤੰਬਰ ਵਿਚ ਪਏ ਦਿਲ ਦੇ ਦੌਰੇ ਦਾ ਅਸਰ ਸਮਾਪਤ ਹੋ ਚੁਕਾ ਹੈ। ਉਨ੍ਹਾਂ ਦਾ ਇਲਾਜ ਕਰਨ ਵਾਲੇ ਡਾਕਟਰ ਦਾ ਕਹਿਣਾ ਹੈ ਕਿ ਦੂਜਾ ਬਾਈਪਾਸ ਅਪਰੇਸ਼ਨ ਕਰਾਉਣ ਦੀ ਜ਼ਰੂਰਤ ਨਹੀਂ। ਡਾ. ਮਾਥੁਰ ਅੱਜ ਕੱਲ੍ਹ ਅਮਰੀਕਾ ਦੇ ਬਹੁਤ ਮੰਨੇ ਪ੍ਰਮੰਨੇ ਦਿਲ ਮਾਹਿਰ ਹਨ।

# ਭਾਈ ਮੋਹਕਮ ਸਿੰਘ ਵਲੋਂ ਨਿੰਦਿਆ

ਪਟਿਆਲਾ — ਇਥੇ ਕੇਂਦਰੀ ਜੇਲ੍ਹ ਵਿਚ ਬੰਦੀ ਦਮਦਮੀ ਟਕਸਾਲ ਦੇ ਆਗੂ ਭਾਈ ਮੋਹਕਮ ਸਿੰਘ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਪਿੰਡ ਚੀਮਾ ਬਾਠ ਵਿਚ ਪਿਛਲੇ ਦਿਨੀਂ ਇਕੋ ਪਰਿਵਾਰ ਦੇ 9 ਜੀਆਂ ਦੀ ਹੱਤਿਆ ਕੀਤੇ ਜਾਣ ਦੀ ਘਟਨਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਕਿਸੇ ਵੀ ਸੱਚੇ ਸਿੱਖ ਦਾ ਕੰਮ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਬਦਨਾਮ ਕਰਨ ਲਈ ਇਹ ਕੁਝ ਅਨਸਰਾਂ ਦੀ ਚਾਲ ਹੈ। ਜਿਸ ਵਿਚ ਸਰਕਾਰ ਵੀ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੇ ਅਨਸਰਾਂ ਦਾ ਮੁਕਾਬਲਾ ਕਰਨ ਲਈ ਪਿੰਡ ਵਸਨੀਕਾਂ ਨੂੰ ਡੱਟਣਾ ਚਾਹੀਦਾ ਹੈ।


DASHMESH
Cloth House

ਪਲੇਨ ਸੂਟ ਰੈਗੂਲਰ ~~$16.00~~ ਹੁਣ $7.99

ਇਕ ਹੋਰ ਸਪੈਸ਼ਲ ਸਪੈਸ਼ਲ

ਰੈਗੂਲਰ ~~$10.00~~ ਹੁਣ $4.99



ਦਸਮੇਸ਼ ਕਲਾਥ ਹਾਊਸ

853-7760

A-2518 Clearbrook Rd., Clearbrook, B.C. V2T 2Y2

# "ਪਾਕਿ 'ਚ ਪੰਜਾਬੀ ਦੀ ਹਾਲਤ ਗੁਲਾਮਾਂ ਤੋਂ ਵੀ ਬਦਤਰ"

ਨਵੀਂ ਦਿੱਲੀ — "ਪਾਕਿਸਤਾਨ ਵਿਚ ਅਜੇ ਵੀ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ ਪ੍ਰੰਤੂ ਹੁਣ ਅਸੀਂ ਪੰਜਾਬੀ ਭਾਸ਼ਾ ਨੂੰ ਉਸ ਦਾ ਸਹੀ ਸਥਾਨ ਪ੍ਰਾਪਤ ਕਰਵਾਉਣ ਲਈ ਹਰ ਤਰ੍ਹਾਂ ਨਾਲ ਜਦੋ ਜਹਿਦ ਕਰ ਰਹੇ ਹਾਂ।" ਇਹ ਵਿਚਾਰ ਭਾਰਤ ਦੇ ਦੌਰੇ 'ਤੇ ਆਏ ਹੋਏ ਪਾਕਿਸਤਾਨੀ ਪੰਜਾਬ ਦੇ ਪ੍ਰਸਿੱਧ ਕਹਾਣੀਕਾਰ ਸ੍ਰੀ ਸਿਬਤੁਲ ਹਸਨ ਜ਼ੈਗਮ ਵਲੋਂ ਇਥੇ ਇਕ ਗੱਲਬਾਤ ਦੌਰਾਨ ਪ੍ਰਗਟ ਕੀਤਾ ਗਿਆ।

ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਪਾਕਿਸਤਾਨੀ ਰੂਲਿੰਗ ਸਰਕਲਾਂ ਅੰਦਰਲੀ ਅਫਸਰਸ਼ਾਹੀ ਵਿਚ ਭਾਰਤ ਵਿਚਲੇ ਯੂ ਪੀ ਅਤੇ ਹੋਰ ਉਰਦੂ ਭਾਸ਼ੀ ਖਿਤਿਆਂ ਵਿਚੋਂ ਪ੍ਰਵਾਸ ਕਰਕੇ ਆਏ ਉਨ੍ਹਾਂ ਲੋਕਾਂ ਦਾ ਮੁਕੰਮਲ ਬੋਲਬਾਲਾ ਹੈ ਜਿਨ੍ਹਾਂ ਨੂੰ ਨਾ ਤਾਂ ਪੰਜਾਬੀ ਭਾਸ਼ਾ ਦੀ ਖੂਬਸੂਰਤੀ ਦਾ ਕੋਈ ਗਿਆਨ ਹੈ ਅਤੇ ਨਾ ਉਨ੍ਹਾਂ ਦੀ ਇਸ ਦੇ ਵਿਕਾਸ ਵਿਚ ਹੀ ਕੋਈ ਰੁਚੀ ਹੈ ਸ੍ਰੀ ਜ਼ੈਗਮ ਜੋ ਕਿ ਇਸ ਸਮੇਂ ਲਾਹੌਰ ਵਿਚ ਰਹਿ ਰਹੇ ਹਨ — ਦਾ ਇਹ ਵੀ ਕਹਿਣਾ ਹੈ ਕਿ ਹਕੀਕਤ ਤਾਂ ਹੈ ਇਹ ਕਿ ਪਾਕਿਸਤਾਨ ਵਿਚ ਪੰਜਾਬੀ ਭਾਸ਼ੀ ਲੋਕ ਦਰਅਸਲ ਦੂਸਰੇ ਦਰਜੇ ਦੇ ਨਾਗਰਿਕਾਂ ਵਜੋਂ ਰਹਿਣ ਲਈ ਮਜਬੂਰ ਹਨ। "ਸਾਫ ਹੈ ਕਿ ਜੇਕਰ ਤੁਸੀਂ ਕਿਸੇ ਆਦਮੀ ਦੀ ਰੂਹਾਨੀ ਮੌਤ ਕਰਨੀ ਚਾਹੁੰਦੇ ਹੋ ਤਾਂ ਉਸ ਨੂੰ ਉਸ ਦੀ ਬੋਲੀ ਅਤੇ ਸਭਿਆਚਾਰ ਤੋਂ ਵਾਂਝਿਆਂ ਕਰ ਦਿਓ। ਸੱਚ ਤਾਂ ਇਹ ਹੈ ਕਿ ਪਾਕਿਸਤਾਨ ਵਿਚ ਪੰਜਾਬੀਆਂ ਦੀ ਹਾਲਤ ਗੁਲਾਮਾਂ ਨਾਲੋਂ ਵੀ ਕਿਤੇ ਵਧੇਰੇ ਭੈੜੀ ਹੈ।"

ਸ੍ਰੀ ਜ਼ੈਗਮ ਦਾ ਜਨਮ ਸਿਆਲਕੋਟ ਜ਼ਿਲੇ ਦੇ ਪਿੰਡ ਅਲੋਮਾਹਰ ਸ਼ਰੀਫ ਵਿਖੇ ਸਨ 1932 ਵਿਚ ਹੋਇਆ ਪਿਛੋਂ ਉਨ੍ਹਾਂ ਨੇ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੀ ਸਾਹਿਤਕ ਕ੍ਰਿਤਾਂ ਉਪਰ ਬੁੱਲੇ ਸ਼ਾਹ, ਸ਼ਾਹ ਹੁਸੈਨ, ਵਾਰਸ ਸ਼ਾਹ, ਬਾਬਾ ਫਰੀਦ, ਗੁਲਾਮ ਫਰੀਦ ਅਤੇ ਮੁਹੰਮਦ ਬਖਸ਼ ਆਦਿ ਉਘੇ ਸੂਫੀ ਫਕੀਰਾਂ ਦਾ ਜ਼ਬਰਦਸਤ ਪ੍ਰਭਾਵ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਹ ਠੀਕ ਹੈ ਕਿ ਪੱਛਮੀ ਪੰਜਾਬ ਵਿਚ ਸੰਨ 1956 ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਸਵੀਕਾਰ ਕਰ ਲਿਆ ਗਿਆ ਸੀ ਪ੍ਰੰਤੂ ਸਰਕਾਰ ਦਾ ਸਾਰਾ ਕੰਮ ਕਾਰ ਅਜੇ ਵੀ ਅੰਗਰੇਜ਼ੀ ਅਤੇ ਉਰਦੂ ਜ਼ਬਾਨਾਂ ਵਿਚ ਹੀ ਚੱਲ ਰਿਹਾ ਹੈ।

ਪੰਜਾਬੀ ਭਾਸ਼ਾ ਨੂੰ ਉਸ ਦਾ ਅਸਲ ਸਥਾਨ ਦਿਵਾਉਣ ਲਈ ਲਹਿਰ ਲਾਮਬੰਦ ਕਰਨ ਵਾਸਤੇ ਉਨ੍ਹਾਂ ਨੇ ਸਤੰਬਰ 1960 ਵਿਚ ਐਮ ਡੀ ਤਾਸੀਰ, ਪ੍ਰੋਫੈਸਰ ਆਬਿਦ ਅਲੀ ਆਬਿਦ, ਪ੍ਰੋ. ਫਕੀਰ ਮੁਹੰਮਦ ਫਕੀਰ ਅਤੇ ਪ੍ਰਿੰਸੀਪਲ ਫਿਰੋਜ਼ਦੀਨ ਨਾਲ ਮਿਲ ਕੇ ਪੰਜਾਬੀ ਲੀਗ ਨਾਂ ਦੀ ਸੰਸਥਾ ਕਾਇਮ ਕੀਤੀ ਸੀ। ਉਸੇ ਸਾਲ ਇਸ ਸੰਸਥਾ ਨੇ ਲਾਇਲਪੁਰ ਵਿਖੇ ਆਲ ਇੰਡੀਆ ਪਾਕਿਸਤਾਨ ਪੰਜਾਬੀ ਕਾਨਫਰੰਸ ਵੀ ਆਯੋਜਿਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੱਛਮੀ ਪੰਜਾਬ ਸਰਕਾਰ ਸਿਧਾਂਤ ਰੂਪ ਵਿਚ ਮੰਨ ਚੱਕੀ ਹੈ ਕਿ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ ਪ੍ਰੰਤੂ ਪੰਜਾਬੀ ਨੂੰ ਪੜ੍ਹਾਈ ਦੇ ਮਧਿਅਮ ਵਜੋਂ ਪ੍ਰਵਾਨ ਕਰ ਲੈਣ ਵਿਚ ਉਨ੍ਹਾਂ ਨੂੰ ਪਤਾ ਨਹੀਂ ਕਿਉਂ ਇਤਨੀ ਜ਼ਿਆਦਾ ਦਿੱਕਤ ਮਹਿਸੂਸ ਹੋ ਰਹੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪੱਛਮੀ ਪੰਜਾਬ ਦੀ 67 ਫੀਸਦੀ ਤੋਂ ਵੀ ਵਧੇਰੇ ਸਮੇਂ ਪੰਜਾਬੀ ਬੋਲਦੀ ਹੈ। ਜਦੋਂ ਕਿ ਉਰਦੂ ਬੋਲਣ ਵਾਲਿਆਂ ਦੀ ਗਿਣਤੀ 3 ਫੀਸਦੀ ਤੋਂ ਵੀ ਘੱਟ ਹੈ। ਫਿਰ ਵੀ ਸਾਰਾ ਗੜਬੜ ਘੁਟਾਲਾ ਚਲ ਰਿਹਾ ਹੈ। ਇੰਟਰਵਿਊ ਦੇ ਅਖੀਰ ਵਿਚ ਉਨ੍ਹਾਂ ਨੇ ਉਮੀਦ ਪ੍ਰਗਟ ਕੀਤੀ ਕਿ ਉਹ ਦਿਨ ਦੂਰ ਨਹੀਂ ਜਦੋਂ ਆਖਰ ਪੰਜਾਬੀ ਨੂੰ ਉਸ ਦੀ ਸਹੀ ਜਗ੍ਹਾ ਪ੍ਰਾਪਤ ਹੋ ਕੇ ਰਹੇਗੀ।

# ਹਰਿਆਣਾ ਦੇ 'ਸਿਆਸੀ ਡਰਾਮੇ' ਦਾ ਸਸਪੈਂਸ ਕਾਇਮ

ਚੰਡੀਗੜ੍ਹ — ਹਰਿਆਣਾ ਦੇ ਮੁਖ ਮੰਤਰੀ ਚੌਧਰੀ ਦੇਵੀ ਲਾਲ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਮੰਤਰੀ ਮੰਡਲ ਦੇ ਸਾਰੇ ਸਾਥੀਆਂ ਦੇ ਅਸਤੀਫੇ ਮਿਲ ਗਏ ਹਨ ਅਤੇ ਇਹ ਸੰਕੇਤ ਵੀ ਦਿੱਤਾ ਹੈ ਕਿ ਮੰਤਰੀਆਂ ਦੇ ਅਸਤੀਫੇ ਰਾਜਪਾਲ ਨੂੰ ਭੇਜੇ ਜਾਣਗੇ। ਪ੍ਰੰਤੂ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਉਹ ਪਾਰਟੀ ਹਾਈ ਕਮਾਂਡ ਨਾਲ ਗੱਲਬਾਤ ਕਰਨਗੇ। ਚੇਅਰਮੈਨਾਂ ਬਾਰੇ ਫੈਸਲਾ ਉਹ ਆਪ ਲੈਣਗੇ। ਹਰਿਆਣਾ ਦੇ ਰਾਜਸੀ ਹਲਕਿਆਂ ਨੇ ਇਸ ਨੂੰ 'ਉਚ ਪੱਧਰੀ ਰਾਜਸੀ ਡਰਾਮਾ' ਕਰਾਰ ਦਿੱਤਾ ਹੈ। ਉਨ੍ਹਾਂ ਦੀ ਰਾਇ ਹੈ ਕਿ ਮੁਖ ਮੰਤਰੀ ਨੇ ਆਪ ਮੰਤਰੀਆਂ ਤੋਂ ਅਸਤੀਫੇ ਮੰਗੇ ਸਨ ਪ੍ਰੰਤੂ ਇਨ੍ਹਾਂ ਉਪਰ ਕੋਈ ਕਾਰਵਾਈ ਦੀ ਸੰਭਾਵਨਾ ਨਹੀਂ ਹੈ। ਡਿਪਟੀ ਮੁੱਖ ਮੰਤਰੀ ਬੀ. ਡੀ. ਗੁਪਤਾ ਨੇ 28 ਮੰਤਰੀਆਂ ਅਤੇ ਹੋਰਨਾਂ ਦੇ ਅਸਤੀਫੇ ਮੁਖ ਮੰਤਰੀ ਨੂੰ ਦਿੱਤੇ ਹਨ।

ਵਰਨਣਯੋਗ ਹੈ ਕਿ ਹਰਿਆਣਾ ਮੰਤਰੀ ਮੰਡਲ ਦੇ ਮੈਂਬਰਾਂ ਨੇ ਮੁਖ ਮੰਤਰੀ ਚੌਧਰੀ ਦੇਵੀ ਲਾਲ ਦੀ ਗੈਰ-ਹਾਜ਼ਰੀ ਵਿਚ ਮੀਟਿੰਗ ਕਰ ਕੇ ਸਮੂਹਿਕ ਤੌਰ 'ਤੇ ਅਸਤੀਫੇ ਦੇ ਦਿੱਤੇ ਸਨ। ਉਨ੍ਹਾਂ ਨੇ ਅਜਿਹਾ ਚੌਧਰੀ ਦੇਵੀ ਲਾਲ ਦੇ ਲੜਕਿਆਂ ਰਣਜੀਤ ਸਿੰਘ ਅਤੇ ਓਪ ਪ੍ਰਕਾਸ਼ ਚੁਟਾਲਾ ਦੇ ਅਸਤੀਵਿਆਂ ਨੂੰ ਲੈ ਕੇ ਵਜ਼ਾਰਤ ਵਿਚ ਮਤਭੇਦਾਂ ਦੀਆਂ ਖਬਰਾਂ ਛਪਣ ਪਿਛੋਂ ਕੀਤਾ। ਹਰਿਆਣਾ ਰਾਜਨੀਤੀ ਵਿਚ ਆਏ ਇਸ ਨਾਟਕੀ ਮੋੜ ਦੌਰਾਨ ਮੰਤਰੀਆਂ ਤੋਂ ਇਲਾਵਾ ਵੱਖ ਵੱਖ ਕਾਰਪੋਰੇਸ਼ਨਾਂ ਅਤੇ ਬੋਰਡਾਂ ਦੇ ਨਾਮਜ਼ਦ ਚੇਅਰਮੈਨਾਂ ਨੇ ਵੀ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਯੋਜਨਾ ਬੋਰਡ ਦੇ ਡਿਪਟੀ ਚੇਅਰਮੈਨ ਮੂਲ ਚੰਦ ਜੈਨ ਨੇ ਵੀ ਅਸਤੀਫਾ ਦੇ ਦਿੱਤਾ ਹੈ।

ਇਥੇ ਡਿਪਟੀ ਮੁਖ ਮੰਤਰੀ ਬਨਾਰਸੀ ਦਾਸ ਗੁਪਤਾ, ਉਰਜਾ ਅਤੇ ਸਿੰਜਾਈ ਮੰਤਰੀ ਵਰਿੰਦਰ ਸਿੰਘ, ਸਨਅਤ ਮੰਤਰੀ ਪ੍ਰੋ. ਸੰਪਤ ਸਿੰਘ, ਮਾਲ ਮੰਤਰੀ ਸੂਰਜ ਭਾਨ ਅਤੇ ਮੁਖ ਪਾਰਲੀਮੈਂਟਰੀ ਸਕੱਤਰ ਰਣ ਸਿੰਘ ਮਾਨ ਨੇ ਸਾਂਝੇ ਤੌਰ ਉਤੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਅਸਤੀਫੇ ਦਿੱਤੇ ਹਨ ਤਾਂ ਜੋ ਇਹ ਸਪਸ਼ਟ ਹੋ ਸਕੇ ਕਿ ਪਾਰਟੀ ਜਾਂ ਮੰਤਰੀ ਮੰਡਲ ਵਿਚ ਕੋਈ ਮਤਭੇਦ ਨਹੀਂ ਹੈ। ਉਨ੍ਹਾਂ ਕਿਹਾ ਕਿ ਚੌਧਰੀ ਦੇਵੀ ਲਾਲ ਦੀ ਅਗਵਾਈ ਵਿਚ ਉਨ੍ਹਾਂ ਨੂੰ ਕੇਵਲ ਪੂਰਾ ਭਰੋਸਾ ਹੀ ਨਹੀਂ ਹੈ ਸਗੋਂ ਉਨ੍ਹਾਂ ਦਾ "ਇਕ ਪਿਤਾ ਵਾਂਗ ਸਨਮਾਨ" ਕੀਤਾ ਜਾਂਦਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਅਖਬਾਰਾਂ ਸ੍ਰੀ ਚੁਟਾਲਾ ਅਤੇ ਰਣਜੀਤ ਸਿੰਘ ਦੇ "ਸੁਭਾਵਿਕ ਮਤਭੇਦਾਂ" ਬਾਰੇ ਅਸਾਧਾਰਨ ਦਿਲਚਸਪੀ ਦਿਖਾ ਰਹੀਆਂ ਹਨ। ਇਨ੍ਹਾਂ ਮਤਭੇਦਾਂ ਨੂੰ ਦੋਹਾਂ ਭਰਾਵਾਂ ਦੀ "ਜਾਂਨਸ਼ੀਨ" ਬਣਨ ਦੀ ਲਾਲਸਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਮਤਭੇਦਾਂ ਦੇ ਆਧਾਰ ਉਤੇ ਹੀ ਮੰਤਰੀ ਮੰਡਲ ਅਤੇ ਪ੍ਰਸ਼ਾਸਨ ਨੂੰ ਵੰਡਿਆ ਜਾ ਰਿਹਾ ਹੈ ਪਰ ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ। ਸ੍ਰੀ ਗੁਪਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਮੁਖ ਮੰਤਰੀ ਨੂੰ ਕਿਹਾ ਕਿ ਵਜ਼ਾਰਤ ਦੇ ਪੁਨਰਗਠਨ ਦੀ ਸੂਰਤ ਵਿਚ ਵਜ਼ਾਰਤ ਦਾ ਆਕਾਰ ਛੋਟਾ ਰੱਖਿਆ ਜਾਵੇ।

ਰਣਜੀਤ ਸਿੰਘ ਨੇ ਵੀ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਸਪੀਕਰ ਨੇ ਉਨ੍ਹਾਂ ਨੂੰ ਬੁਲਾਇਆ ਤਾਂ ਆਪਣੀ ਸਥਿਤੀ ਸਪਸ਼ਟ ਕਰ ਦੇਣਗੇ। ਉਹ ਆਪਣੇ ਅਸਤੀਫੇ ਉਤੇ ਹੀ ਕਾਇਮ ਹਨ। ਚੌਧਰੀ ਦੇਵੀ ਲਾਲ ਨੇ ਵੀ ਇਹੀ ਕਿਹਾ ਹੈ ਕਿ ਰਣਜੀਤ ਸਿੰਘ ਦੇ ਅਸਤੀਫੇ ਦਾ ਫੈਸਲਾ ਸਪੀਕਰ ਨੇ ਕਰਨਾ ਹੈ।

ਇਸ ਸਮੇਂ ਹਰਿਆਣਾ ਲੋਕ ਦਲ (ਬੀ) ਦੇ ਵਪਾਰੀਆਂ ਦੇ ਸੈਲ ਦੇ ਕਨਵੀਨਰ ਗੁਲਾਬ ਸਿੰਘ ਜੈਨ ਨੇ ਵੀ ਵੱਖਰੀ ਪ੍ਰੈਸ ਕਾਨਫਰੰਸ ਵਿਚ ਦੋਸ਼ ਲਾਇਆ ਹੈ ਕਿ ਡਿਪਟੀ ਮੁਖ ਮੰਤਰੀ ਸ੍ਰੀ ਗੁਪਤਾ ਅਤੇ ਖੇਤੀਬਾੜੀ ਮੰਤਰੀ ਡਾ. ਕੇ. ਆਰ. ਪੂਨੀਆ, ਕੇਂਦਰੀ ਮੰਤਰੀ ਸ੍ਰੀ ਭਜਨ ਲਾਲ ਨਾਲ ਮਿਲ ਕੇ ਚੌਧਰੀ ਦੇਵੀ ਲਾਲ ਨੂੰ ਪਰੇਸ਼ਾਨ ਕਰ ਰਹੇ ਹਨ। ਉਨ੍ਹਾਂ ਨੇ ਦੋਵਾਂ ਮੰਤਰੀਆਂ ਨੂੰ ਵਜ਼ਾਰਤ ਵਿਚੋਂ ਕੱਢੇ ਜਾਣ ਦੀ ਮੰਗ ਕਰਦੇ ਹੋਏ ਕਿਹਾ ਕਿ ਮੁਖ ਮੰਤਰੀ ਨੂੰ ਚਾਹੀਦਾ ਹੈ ਕਿ ਸਿੰਜਾਈ ਮੰਤਰੀ ਵਰਿੰਦਰ ਸਿੰਘ ਨੂੰ ਵੀ ਵਜ਼ਾਰਤ ਵਿਚੋਂ ਛੇਕ ਦੇਣ ਕਿਉਂ ਜੋ ਉਹ ਮੁਖ ਮੰਤਰੀ ਬਣਨ ਨੂੰ ਫਿਰਦਾ ਹੈ। ਮੁਖ ਪਾਰਲੀਮੈਂਟਰੀ ਸੈਕਟਰੀ ਸ੍ਰੀ ਰਣ ਸਿੰਘ ਮਾਨ ਦੀ ਵੀ ਛਾਂਟੀ ਹੋਣੀ ਚਾਹੀਦੀ ਹੈ ਕਿਉਂ ਜੋ ਉਹ ਸ੍ਰੀ ਚੁਟਾਲਾ ਵਿਰੁਧ ਖਬਰਾਂ ਲੁਆਉਂਦਾ ਹੈ। ਪ੍ਰੰਤੂ ਡਿਪਟੀ ਮੁਖ ਮੰਤਰੀ ਸ੍ਰੀ ਗੁਪਤਾ ਨੇ ਸ੍ਰੀ ਜੈਨ ਦੇ ਦੋਸ਼ਾਂ ਨੂੰ ਬਾਅਦ ਵਿਚ ਰੱਦ ਕੀਤਾ ਹੈ।


NISHAN FOODS LTD.

| Sewian ਸੇਵੀਆਂ Box 20 lb. | Priemo 15.99 | Capri Tomato ਟਮਾਟਰ | Whole 99¢ Tin 28 Oz. | Pepsi & 7up ਪੈਪਸੀ ਤੇ ਸੈਵਨ ਅੱਪ | 99¢ 2 Lit. |
|---|---|---|---|---|---|

ਫ੍ਰਿਫ਼ਟ ਆਈਟਮਾਂ ਵੀ ਮਿਲਦੀਆਂ ਹਨ

3327 KINGSWAY, VANCOUVER, B.C.
PH. (604) 433-3207
(ਜੋਕਿ ਪਹਿਲਾਂ INTERNATIONAL SUPER MARKET ਹੁੰਦਾ ਸੀ)

ਹਰ ਤਰ੍ਹਾਂ ਦੀ ਸਸਤੇ ਭਾਅ 'ਤੇ ਭਾਰਤੀ ਗਰੌਸਰੀ ਲੈਣ ਲਈ ਯਾਦ ਰੱਖੋ


ਨਿਰਮਲ ਸਿੰਘ ਧਾਲੀਵਾਲ

Thinking of Buying or Selling
ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :
*For The Best Selection & 100% Satisfaction*
NIRMAL (Neil) DHALIWAL
Bus: 588-2295 Res: 597-2069
Specializing in: Lots, New Homes, Investment Properties, Farms, Industrial & Commercials

WORKING 100% FOR YOU



L/R LAKEVIEW REALTY LTD.
10732 KING GEORGE HWY., SURREY, B.C. V3T 2X7

# ‘ਅਤਿਵਾਦੀ ਹਿੰਸਾ ਦੀਆਂ ਖਬਰਾਂ ਉਤੇ ਪਾਬੰਦੀ ਨਹੀਂ ਲਗੇਗੀ’

ਜਲੰਧਰ — ਪੰਜਾਬ ਸਰਕਾਰ ਦਾ ਰਾਜ ਵਿਚ ਅਤਿਵਾਦੀ ਹਿੰਸਾ ਦੀਆਂ ਖਬਰਾਂ ਬਾਰੇ ਅਖਬਾਰਾਂ ਉਤੇ ਕਿਸੇ ਵੀ ਕਿਸਮ ਦੀਆਂ ਪਾਬੰਦੀਆਂ ਲਾਉਣ ਦਾ ਕੋਈ ਇਰਾਦਾ ਨਹੀਂ। ਇਹ ਗੱਲ ਪੰਜਾਬ ਦੇ ਲੋਕ ਸੰਪਰਕ ਸਕੱਤਰ ਸ੍ਰੀ ਐਸ ਐਲ ਕਪੂਰ ਨੇ ਪ੍ਰੈਸ ਸੰਪਰਕ ਕਮੇਟੀ ਦੀ ਇਥੇ ਹੋਈ ਮੀਟਿੰਗ ’ਚ ਦਿੱਤੀ। ਸ੍ਰੀ ਕਪੂਰ ਨੇ ਅਤਿਵਾਦੀ ਹਿੰਸਾ ਨਾਲ ਨਜਿੱਠਣ ਤੇ ਲੋਕਾਂ ਵਿਚ ਭਰੋਸੇ ਦੀ ਭਾਵਨਾ ਬਰਕਰਾਰ ਰੱਖਣ ਲਈ ਸਰਕਾਰ ਵਲੋਂ ਕੀਤੇ ਜਾ ਰਹੇ ਯਤਨਾਂ ਵਿਚ ਕੌਮੀ ਤੇ ਖੇਤਰੀ ਅਖਬਾਰਾਂ ਵਲੋਂ ਦਿੱਤੇ ਸਹਿਯੋਗ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਜੇ ਇਸ ਸਬੰਧ ਵਿਚ ਸਰਕਾਰ ਦੇ ਯਤਨਾਂ ’ਚ ਕੋਈ ਕਮੀ ਪੇਸ਼ੀ ਨਜ਼ਰ ਆਈ ਹੈ ਤਾਂ ਅਖਬਾਰਾਂ ਨੂੰ ਇਹ ਸਾਹਮਣੇ ਲਿਆਉਣੀ ਚਾਹੀਦੀ ਹੈ। ਇਸ ਤਰ੍ਹਾਂ ਅਤਿਵਾਦ ਦੀ ਬੁਰਾਈ ਦੇ ਜੜ੍ਹੋਂ ਖਾਤਮੇ ਲਈ ਸਰਕਾਰ ਵਲੋਂ ਚਲਾਏ ਜਾ ਰਹੇ ਅਣਥੱਕ ਘੋਲ ਵਿਚ ਮੱਦਦ ਮਿਲੇਗੀ।

ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਤੇ ਅੰਦਰੂਨੀ ਸੁਰੱਖਿਆ ਬਾਰੇ ਸਕੱਤਰ ਸ੍ਰੀ ਜੇ ਐਫ ਰਿਬੇਰੋ ਨੇ ਕਿਹਾ ਕਿ ਅਤਿਵਾਦ ਵਿਰੁਧ ਲੜਾਈ ਬੜੀ ਲੰਮੀ ਹੈ ਤੇ ਸਾਨੂੰ ਛੋਟੇ ਮੋਟੇ ਨੁਕਸਾਨ ਬਾਅਦ ਹੌਸਲੇ ਨਹੀਂ ਢਾਹੁਣੇ ਚਾਹੀਦੇ ਕਿਉਂਕਿ ਅਤਿਵਾਦ ਕਦੇ ਵੀ ਸਟੇਟ ਸਰਕਾਰ ਉਪਰ ਜਿੱਤ ਪ੍ਰਾਪਤ ਨਹੀਂ ਕਰ ਸਕਦਾ।

ਭਰਵੇਂ ਵਿਚਾਰ ਵਟਾਂਦਰੇ ਬਾਅਦ ਮੀਟਿੰਗ ਨੇ ਫੈਸਲਾ ਕੀਤਾ ਕਿ ਜੇ ਲੋੜ ਪਈ ਤਾਂ ਕਮੇਟੀ ਦੇ ਪੱਤਰਕਾਰ ਮੈਂਬਰ ਅਤਿਵਾਦੀ ਹਿੰਸਾ ਦੀਆਂ ਖਬਰਾਂ ਸਬੰਧੀ ਕੁਝ ਸਵੈ-ਜ਼ਾਬਤਾ ਨਿਯਮ ਨਿਰਧਾਰਤ ਕਰ ਸਕਦੇ ਹਨ। ਇਹ ਫੈਸਲਾ ਇਸ ਵਿਚਾਰ ਨੂੰ ਧਿਆਨ ਵਿਚ ਰਖਦਿਆਂ ਕੀਤਾ ਗਿਆ ਕਿ ਅਤਿਵਾਦੀ ਹਿੰਸਾ ਦੀਆਂ ਖਬਰਾਂ ਦੇਣ ਦੇ ਮਾਮਲੇ ਵਿਚ ਲਗਪਗ ਸਾਰੇ ਅਖਬਾਰ ਜ਼ਿਮੇਵਾਰੀ ਵਾਲੇ ਢੰਗ ਨਾਲ ਕੰਮ ਕਰ ਰਹੇ ਹਨ। ਇਸ ਮੀਟਿੰਗ ਵਿਚ ਭਾਗ ਲੈਣ ਵਾਲਿਆਂ ’ਚ ‘ਹਿੰਦ ਸਮਾਚਾਰ’ ਅਖਬਾਰ ਸਮੂਹ ਦੇ ਮੁਖ ਸੰਪਾਦਕ ਸ੍ਰੀ ਵਿਜੇ ਕੁਮਾਰ ਚੋਪੜਾ, ‘ਨਵਾਂ ਜ਼ਮਾਨਾ’ ਦੇ ਸੰਪਾਦਕ ਜਗਜੀਤ ਸਿੰਘ ਆਨੰਦ, ‘ਪ੍ਰਤਾਪ’ ਦੇ ਸੰਪਾਦਕ ਚੰਦਰ ਮੋਹਨ, ‘ਅਜੀਤ’ ਦੇ ਮੈਨੇਜਿੰਗ ਐਡੀਟਰ ਸ੍ਰੀ ਬਰਜਿੰਦਰ ਸਿੰਘ, ‘ਪੰਜਾਬੀ ਟ੍ਰਿਬਿਊਨ’ ਦੇ ਸੰਪਾਦਕ ਹਰਭਜਨ ਸਿੰਘ ਹਲਵਾਰਵੀ, ‘ਅਕਾਲੀ ਪਤਰਿਕਾ’ ਦੇ ਮੈਨੇਜਿੰਗ ਐਡੀਟਰ ਆਰ ਐਸ ਸੋਢੀ, ‘ਲੋਕ ਲਹਿਰ’ ਦੇ ਸੰਪਾਦਕ ਸੁਹੇਲ ਸਿੰਘ, ‘ਰਣਜੀਤ’ ਦੇ ਸੰਪਾਦਕ ਜੀ ਆਈ ਐਸ ਮੈਨੀ, ‘ਚੜ੍ਹਦੀ ਕਲਾ’ ਦੇ ਸੰਪਾਦਕ ਜਗਜੀਤ ਸਿੰਘ ਦਰਦੀ, ਦੂਰਦਰਸ਼ਨ ਜਲੰਧਰ ਦੇ ਡਾਇਰੈਕਟਰ ਐਮ ਐਲ ਪੰਡਿਤ, ਪੰਜਾਬ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਐਸ ਕੇ ਸਿਨਹਾ ਤੇ ਜਾਇੰਟ ਡਾਇਰੈਕਟਰ ਸ੍ਰੀ ਵਰਿਆਮ ਸਿੰਘ ਢੋਟੀਆਂ ਸ਼ਾਮਲ ਸਨ।

# ਜਨ ਮੋਰਚਾ ਕਿਸੇ ਪਾਰਟੀ ’ਚ ਨਹੀਂ ਮਿਲੇਗਾ

ਨਵੀਂ ਦਿੱਲੀ — ਜਨ ਮੋਰਚਾ ਦੇ ਕੌਮੀ ਕਨਵੀਨਰ ਰਾਮ ਧਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਜਨ ਮੋਰਚਾ ਨੂੰ ਹੋਰ ਸਿਆਸੀ ਪਾਰਟੀਆਂ ਨਾਲ ਰਲਾ ਕੇ ਰਾਸ਼ਟਰੀ ਮੰਚ ਕਾਇਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਿਸਮ ਦੀਆਂ ਅਖਬਾਰਾਂ ਵਿਚ ਛਪੀਆਂ ਖਬਰਾਂ ਗੁਮਰਾਹਕੁਨ ਹਨ।

# ਲੈਫ. ਕਰਨਲ ’ਚੀਮਾ ਦੀ ਸਜ਼ਾ ਵਿਚ ਕਟੌਤੀ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਚੀਫ ਆਫ ਦੀ ਆਰਮੀ ਸਟਾਫ ਜਨਰਲ ਕੇ. ਸੁੰਦਰਜੀ ਨੇ ਸਿੱਖ ਰਜਮੈਂਟਲ ਸੈਂਟਰ ਰਾਮਗੜ੍ਹ ਦੇ ਦੋ ਸੀਨੀਅਰ ਅਫਸਰਾਂ ਕਰਨਲ ਜਗਦੇਵ ਸਿੰਘ ਤੇ ਲੈਫਟੀਨੈਂਟ ਕਰਨਲ ਐਚ. ਐਸ. ਚੀਮਾ ਨੂੰ ਜਨਰਲ ਕੋਰਟਸ ਮਾਰਸ਼ਲ ਵਲੋਂ ਦਿੱਤੀ ਸਜ਼ਾ ਵਿਚ ਭਾਰੀ ਕਟੌਤੀ ਕਰ ਦਿੱਤੀ ਹੈ। ਜੂਨ ’84 ’ਚ ਬੈਰਕਾਂ ਛੱਡਣ ਵਾਲੇ ਸਿੱਖ ਫੌਜੀਆਂ ਦੇ ਕੇਸ ਸਬੰਧੀ, ਉਸ ਸਮੇਂ ਦੇ ਬਟਾਲੀਅਨ ਕਮਾਂਡਰ ਲੈਫਟੀਨੈਂਟ ਕਰਨਲ ਚੀਮਾ ਨੂੰ ਚਾਰ ਸਾਲ ਦੀ ਸਖਤ ਕੈਦ ਅਤੇ ਉਸ ਸਮੇਂ ਦੇ ਸੈਂਟਰ ਦੇ ਡਿਪਟੀ ਕਮਾਂਡੈਂਟ ਕਰਨਲ ਜਗਦੇਵ ਸਿੰਘ ਨੂੰ ਇਕ ਸਾਲ ਸਾਧਾਰਨ ਕੈਦ ਦੀ ਸਜ਼ਾ ਦਿੱਤੀ ਗਈ ਸੀ। ਦੋਹਾਂ ਨੂੰ ਨੌਕਰੀਓਂ ਖਾਰਜ ਕਰ ਦਿੱਤਾ ਸੀ।

ਜਨਰਲ ਸੁੰਦਰਜੀ ਜੋ ਕਿ ਇਸ ਮਾਮਲੇ ’ਚ “ਫਾਈਨਲ ਅਥਾਰਟੀ” ਹਨ, ਨੇ ਲੈਫਟੀਨੈਂਟ ਕਰਨਲ ਚੀਮਾ ਦੀ ਸਜ਼ਾ ਘਟਾ ਕੇ ਨੌਕਰੀ ਦੇ ਸਮੇਂ ’ਚ ਤਿੰਨ ਸਾਲਾਂ ਦੀ ਕਟੌਤੀ ਕਰ ਦਿੱਤੀ ਹੈ ਜਦ ਕਿ ਕਰਨਲ ਜਗਦੇਵ ਸਿੰਘ ਦੀ ਸਜ਼ਾ ਘਟਾ ਕੇ ਉਨ੍ਹਾਂ ਦੀ ਨੌਕਰੀ ਦੇ ਸਮੇਂ ’ਚੋਂ ਦੋ ਸਾਲਾਂ ਦੀ ਕਟੌਤੀ ਕੀਤੀ ਹੈ।

ਸਾਲ ’84 ’ਚ ਬਲਿਊ ਸਟਾਰ ਅਪਰੇਸ਼ਨ ਦੇ ਪ੍ਰਤੀਕਰਮ ’ਚ ਬਹੁਤ ਸਾਰੀਆਂ ਸਿੱਖ ਯੂਨਿਟਾਂ ਵਿਚ ਗੰਭੀਰ ਘਟਨਾਵਾਂ ਵਾਪਰੀਆਂ ਸਨ ਤੇ ਸਭ ਤੋਂ ਵੱਡੀ ਅਜਿਹੀ ਘਟਨਾ ਰਾਮਗੜ੍ਹ ’ਚ ਹੋਈ ਸੀ। ਸਿੱਖ ਰਜਮੈਂਟਲ ਸੈਂਟਰ ਦੇ ਕਮਾਂਡੈਂਟ, ਬ੍ਰਿਗੇਡੀਅਰ ਐਸ. ਸੀ. ਪੁਰੀ ਨੂੰ ਬੈਰਕਾਂ ਛੱਡਣ ਵਾਲੇ ਫੌਜੀਆਂ ਨੇ ਕਤਲ ਕਰ ਦਿੱਤਾ ਸੀ।


Via Rail Tickets to U.S.A and CANADA
Now issued here

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

For booking conditions please call:



**Fourways Travel Limited**
9341 - 120 St., (Scott Rd.) Delta, B.C.

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

Anywhere in the world.    Ph. (604) 584-1411



● ਇਨਸ਼ੋਰੈਂਸ ●
- ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
- ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਬਿਜਨੈਸ ਇਨਸ਼ੋਰੈਂਸ ਤੇ ਆਟੋ

6415 MAIN ST. (at 48 Ave.)
VANCOUVER, B.C.
Off: & Res: 325-4744

ਪੀ. ਨਰਵਾਲ ਐਂਡ ਕੰ:
ਇਮੀਗਰੇਸ਼ਨ ਸਲਾਹਕਾਰ
ਤੇ ਹੋਰ ਸੇਵਾਵਾਂ
- ਬੱਚੇ ਦਾ ਅਡਾਪਟ (ਗੋਦ ਲੈਣਾ)
- ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
- ਰਿਸ਼ਤੇਦਾਰ ਦੀ ਚਿੱਠੀ ਕਰਨੀ
- ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ)
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:
- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਰਗੇਜ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਲੀਜ਼ ਦੇ ਕਾਗਜ਼ ਬਣਾਉਣੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ

6415 MAIN ST. (at 48th Ave.) Or 197 E. 48th Ave.(corner of main & 48th Ave.)
Open : Monday to Friday (9 a.m. to 5.00 p.m. VANCOUVER, B.C.



ਪ੍ਰਿਤਪਾਲ ਸਿੰਘ ਨਰਵਾਲ
325-4744



**FIVE RIVERS FISH ’N CHIPS**

ਫਰੀ ਡਲਿਵਰੀ — 20 ਡਾਲਰ ਤੋਂ ਵੱਧ ਆਰਡਰ ਨਾਲ    ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

ਡਲਿਵਰੀ ਚਾਰਜ 1.99 (20 ਡਾਲਰ ਤੋਂ ਘੱਟ ਆਰਡਰ ਨਾਲ)

6591 Fraser St. (at 50th & Fraser) Vancouver, B.C. V5X 3T4    Ph. 327-7455

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ ’ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ ’ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਭਾਰਤੀ ਮਠਿਆਈਆਂ ਵੀ ਮਿਲਦੀਆਂ ਹਨ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

# ਕਾਂਗਰਸ (ਇੰ) ਉਤੇ ਪੰਜਾਬ ਦੇ ਹਾਲਾਤ ਵਿਗਾੜਨ ਦਾ ਦੋਸ਼

ਨਕੋਦਰ — ਭਾਜਪਾ ਦੀ ਪੰਜਾਬ ਇਕਾਈ ਦੇ ਉਪ ਪ੍ਰਧਾਨ ਚੌਧਰੀ ਸਵਰਨਾ ਰਾਮ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਪੰਜਾਬ ਦੀ ਅਜੋਕੀ ਸਮੱਸਿਆ ਦੇ ਹੱਲ ਲਈ ਉਕਾ ਹੀ ਗੰਭੀਰ ਨਹੀਂ ਹਨ ਜਦੋਂ ਕਿ ਕਾਂਗਰਸ (ਆਈ) ਵੀ ਵੋਟਾਂ ਦੀ ਰਾਜਨੀਤੀ ਪੰਜਾਬ ਦੇ ਹਾਲਾਤ ਹੋਰ ਵਿਗਾੜ ਰਹੀ ਹੈ। ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਚੌਧਰੀ ਸਵਰਨਾ ਰਾਮ ਨੇ ਦੱਸਿਆ ਕਿ ਵੋਟਾਂ ਦੇ ਚੱਕਰ ਵਿਚ ਪੰਜਾਬ ਵਿਚ ਜਨ-ਸੰਪਰਕ ਮੁਹਿੰਮ ਨਾਲ ਲੋਕਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਦੌਰਾਨ ਪੰਜਾਬ ਦੇ ਹਾਲਾਤ ਵਿਚ ਬਹੁਤਾ ਸੁਧਾਰ ਨਹੀਂ ਹੋਇਆ। ਉਨ੍ਹਾਂ ਸਪਸ਼ਟ ਕੀਤਾ ਕਿ ਚੋਣਾਂ ਕਰਵਾਉਣ ਲਈ ਵੀ ਪੰਜਾਬ ਦੇ ਹਾਲਾਤ ਅਨੁਕੂਲ ਨਹੀਂ ਹਨ। ਉਨ੍ਹਾਂ ਸੁਰੱਖਿਆ ਪੱਟੀ ਬਣਾਏ ਜਾਣ ਦੀ ਗੱਲ ਫਿਰ ਦੁਹਰਾਈ ਅਤੇ ਕਿਹਾ ਕਿ ਕੇਂਦਰ ਸਰਕਾਰ ਇਸ ਮੰਗ ਨੂੰ ਪਹਿਲਾਂ ਹੀ ਰੱਦ ਕਰ ਚੁਕੀ ਹੈ।

ਭਾਜਪਾ ਨੇਤਾ ਪੰਜਾਬ ਵਿਚ ਅਖੌਤੀ ਪੁਲੀਸ ਮੁਕਾਬਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੰਮ੍ਰਿਤਸਰ, ਪਟਿਆਲਾ ਤੇ ਜਲੰਧਰ ਜ਼ਿਲਿਆਂ ਵਿਚ ਵੀ ਝੂਠੇ ਪੁਲਿਸ ਮੁਕਾਬਲਿਆਂ ਦੀਆਂ ਰਿਪੋਰਟਾਂ ਤਾਂ ਲੋਕਾਂ ਸਾਹਮਣੇ ਆ ਚੁਕੀਆਂ ਹਨ। ਪੰਜਾਬ ਦੇ ਹਾਲਾਤ ਸਹੀ ਕਰਨ ਵਿਚ ਜ਼ਿਲਾ ਪ੍ਰਸ਼ਾਸਨ ਵੀ ਨਰਮ ਜਾਪਦਾ ਹੈ। ਉਨ੍ਹਾਂ ਅਕਾਲੀ ਦਲ ਦੇ ਟਿੱਪਣੀ ਕਰਦਿਆਂ ਸੁਝਾਅ ਦਿਤਾ ਕਿ ਉਹ ਸਮੁੱਚੇ ਪੰਜਾਬੀਆਂ ਦੀਆਂ ਮੰਗਾਂ ਲੈ ਕੇ ਸੰਘਰਸ਼ ਕਰਨ। ਭਾਜਪਾ ਵਲੋਂ 17 ਤੋਂ 24 ਜਨਵਰੀ ਤਕ ਪੰਜਾਬ ਵਿਚ ਵੀ ਜਨ ਮੁਕਤੀ ਦੇ ਨਾਂ ਉਤੇ ਪਰੋਗਰਾਮ ਚਲਾਇਆ ਜਾ ਰਿਹਾ ਹੈ ਇਸੇ ਦੌਰਾਨ ਰੋਸ ਵਿਖਾਵੇ ਅਤੇ ਰੈਲੀਆਂ ਕੀਤੀਆਂ ਜਾਣਗੀਆਂ। ਰੈਲੀਆਂ ਨੂੰ ਭਾਜਪਾ ਆਗੂ ਐਲ. ਕੇ. ਅਡਵਾਨੀ ਅਤੇ ਅਟਲ ਬਿਹਾਰੀ ਵਾਜਪਾਈ ਸੰਬੋਧਨ ਕਰਨਗੇ। 24 ਜਨਵਰੀ ਨੂੰ ਜਲੰਧਰ, ਫਗਵਾੜਾ ਅਤੇ ਹੁਸ਼ਿਆਰਪੁਰ ਵਿਚ ਕਾਨਫਰੰਸਾਂ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਜਨ-ਮੁਕਤੀ ਪਰੋਗਰਾਮ ਅਧੀਨ ਲੋਕਾਂ ਨੂੰ ਅਤਿਵਾਦ ਤੇ ਵੱਖਵਾਦ ਵਿਰੁਧ ਪ੍ਰੇਰਿਤ ਕਰਕੇ ਡਟ ਕੇ ਮੁਕਾਬਲਾ ਕਰਨ 'ਤੇ ਕੌਮੀ ਏਕਤਾ ਤੇ ਅਖੰਡਤਾ ਕਾਇਮ ਕਰਨ ਲਈ ਪ੍ਰੇਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਭਾਜਪਾ ਨਵੇਂ ਅੱਠ ਨੁਕਾਤੀ ਪ੍ਰੋਗਰਾਮ ਹੇਠ ਦੇਸ਼ ਭਰ ਵਿਚ ਮੁਹਿੰਮ ਚਲਾ ਰਹੀ ਹੈ।

# ਸੁਰੱਖਿਆ ਏਜੰਸੀ ਦੇ ਮੁਖੀ ਨੂੰ ਗੋਲੀ ਮਾਰ ਦਿੱਤੀ

ਨਵੀਂ ਦਿੱਲੀ — ਇਕ ਪ੍ਰਾਈਵੇਟ ਸੁਰੱਖਿਆ ਏਜੰਸੀ ਦੇ ਡਾਇਰੈਕਟਰ ਨੂੰ ਇਥੇ ਉਸ ਦੇ ਇਕ ਮੁਲਾਜ਼ਮ ਨੇ ਗੋਲੀ ਮਾਰ ਕੇ ਮਾਰ ਦਿੱਤਾ। ਪੁਲੀਸ ਨੇ ਇਥੇ ਦੱਸਿਆ ਹੈ ਕਿ ਸੈਵਨ ਸਟਾਰ ਸਕਿਉਰਿਟੀ ਸਰਵਿਸ ਦੇ ਡਾਇਰੈਕਟਰ ਸ੍ਰੀ ਪੀ ਆਰ ਸੂਦ ਨੂੰ ਉਸ ਦੇ ਮੁਲਾਜ਼ਮ ਰਾਜਿੰਦਰ ਨੇ ਗੋਲੀ ਮਾਰੀ। ਇਹ ਘਟਨਾ ਉਦੋਂ ਵਾਪਰੀ ਜਦੋਂ ਗਰੇਟਰ ਕੈਲਾਸ਼ ਇਲਾਕੇ ਦੇ ਇਕ ਮਕਾਨ ਵਿਚ ਇਕ ਪਾਰਟੀ ਦੌਰਾਨ ਰਾਜਿੰਦਰ ਤੇ ਸ੍ਰੀ ਸੂਦ ਵਿਚ ਕਿਸੇ ਗੱਲੋਂ ਝਗੜਾ ਹੋ ਗਿਆ। ਉਸ ਨੇ 12 ਬੋਰ ਦੀ ਬੰਦੂਕ ਨਾਲ ਫਾਇਰ ਕੀਤਾ। ਪੁਲੀਸ ਨੇ ਰਜਿੰਦਰ ਨੂੰ ਗ੍ਰਿਫਤਾਰ ਕਰ ਲਿਆ ਹੈ।

# ਕੰਗ ਸਾਹਿਬੂ 'ਚ ਤੇਲ ਦੇ ਭੰਡਾਰ ਕਿਵੇਂ ਮਿਲੇ

ਨਕੋਦਰ — ਨਕੋਦਰ ਸਬ-ਡਿਵੀਜ਼ਨ ਦਾ ਪਿੰਡ ਕੰਗ ਸਾਹਿਬ ਰਾਇ ਇਨ੍ਹੀਂ ਦਿਨੀਂ ਇਲਾਕੇ ਦੇ ਲੋਕਾਂ ਲਈ ਬੜੀ ਹੀ ਖਿਚ ਦਾ ਕੇਂਦਰ ਬਣਿਆ ਹੋਇਆ ਹੈ। ਆਮ ਤੌਰ 'ਤੇ ਲੋਕਾਂ ਦੀ ਇਹ ਰਾਇ ਬਣੀ ਹੋਈ ਹੈ ਕਿ ਇਸ ਪਿੰਡ ਦੇ ਵਸਨੀਕਾਂ ਦੇ ਜਲਦੀ ਹੀ ਭਾਗ ਖੁਲ੍ਹ ਜਾਣਗੇ ਕਿਉਂਕਿ ਪਿੰਡ ਵਿਚ ਤੇਲ ਦਾ ਭੰਡਾਰ ਮਿਲਿਆ ਹੈ।

ਪਿੰਡ ਕੰਗ ਸਾਹਿਬ ਰਾਇ (ਕੰਗ ਸਾਹਿਬੂ) ਦੇ ਉਤਰ ਵੱਲ ਬਾਵਾ ਸਿੰਘ ਦੀ ਕੋਈ ਤਿੰਨ ਏਕੜ ਜ਼ਮੀਨ ਹੈ। ਇਸ ਜ਼ਮੀਨ ਵਿਚ ਪਾਣੀ ਦੀ ਭਾਲ ਲਈ ਉਹ ਦੋ ਮਹੀਨੇ ਤੋਂ ਬੋਰ ਕਰਵਾ ਰਿਹਾ ਸੀ। ਪਿੰਡ ਚਕ ਮੁਗਲਾਣੀ ਦੇ ਮਿਸਤਰੀ ਵੇਦ ਪ੍ਰਕਾਸ਼ ਨੇ ਦੱਸਿਆ ਕਿ ਉਸ ਨੇ ਪਹਿਲੀ ਵੇਰ ਮਹਿਸੂਸ ਕੀਤਾ ਕਿ ਇਥੇ ਪਾਣੀ ਕਿਉਂ ਨਹੀਂ ਆ ਰਿਹਾ। ਤਕਰੀਬਨ 105 ਫੁੱਟ ਡੂੰਘੇ ਇਸ ਬੋਰ ਨੂੰ ਕਈ ਦਿਨ ਟਰੈਕਟਰਾਂ ਨਾਲ ਚਾਲੂ ਕਰਦੇ ਰਹੇ ਪਰ ਚਾਲੂ ਨਾ ਹੋ ਸਕਿਆ। ਦੁਬਾਰਾ ਫਿਰ ਬੋਕੀਆਂ ਲਾਉਣ ਤੇ ਇਕ ਵੇਰ ਮਿੱਟੀ ਦੇ ਤੇਲ ਵਰਗੀ ਮਹਿਕ ਆਈ ਤਾਂ ਮਿਸਤਰੀ ਨੂੰ ਸ਼ੱਕ ਹੋ ਗਿਆ ਦੋ ਚਾਰ ਵਾਰ ਬੋਕੀਆਂ ਲਾਉਣ 'ਤੇ ਗੱਲ ਹੀ ਸਪਸ਼ਟ ਹੋ ਗਈ। ਬਾਅਦ ਵਿਚ ਬਾਵਾ ਸਿੰਘ ਨੇ ਅੱਗ ਲਾ ਕੇ ਦੇਖੀ ਤਾਂ ਅੱਗ ਬਲ ਉਠੀ। ਬਾਵਾ ਸਿੰਘ ਖੁਸ਼ੀ ਨਾਲ ਝੂਮ ਉਠਿਆ। ਅਗਲੇ ਦਿਨ ਸਵੇਰੇ ਨਕੋਦਰ ਵਿਚ ਖੇਤੀਬਾੜੀ ਵਿਭਾਗ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਲੁਧਿਆਣੇ ਜ਼ਰਾਇਤੀ ਯੂਨੀਵਰਸਿਟੀ ਜਾਓ। ਪਰ ਬਾਅਦ ਵਿਚ ਉਨ੍ਹਾਂ ਨਕੋਦਰ ਦੇ ਐਸ ਡੀ ਐਮ ਸੁਰਜੀਤ ਸਿੰਘ ਰਾਜਪੂਤ ਨਾਲ ਸੰਪਰਕ ਕੀਤਾ ਉਨ੍ਹਾਂ ਮੌਕੇ 'ਤੇ ਜਾ ਕੇ ਵੇਖਿਆ ਤਾਂ ਉਨ੍ਹਾਂ ਨੂੰ ਇਕ ਬੋਤਲ ਤੇਲ ਵੀ ਦਿੱਤੀ ਜਿਹੜੀ ਉਨ੍ਹਾਂ ਬਾਅਦ ਵਿਚ ਜ਼ਿਲਾ ਅਧਿਕਾਰੀਆਂ ਨੂੰ ਭੇਜ ਦਿੱਤੀ।

ਨਕੋਦਰ ਨੇੜੇ ਚਿਟੀ ਵੇਈਂ ਦੇ ਕੰਢੇ 'ਤੇ ਨਿਕਲੇ ਇਸ ਤੇਲ ਦੀ ਅਹਿਮ ਚਰਚਾ ਦੂਰ ਤੀਕ ਚਲ ਪਈ, ਲੋਕ ਦੂਰੋਂ ਦੂਰੋਂ ਵੇਖਣ ਲਈ ਇਥੇ ਪੁਜ ਰਹੇ ਹਨ। ਬਾਵਾ ਸਿੰਘ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਪਰਸੋਂ ਇੰਡੀਅਨ ਆਇਲ ਵਾਲੇ ਬੰਦੇ ਆਏ ਸਨ। ਪਰ ਉਨ੍ਹਾਂ ਇਹ ਕਿਹਾ ਕਿ ਤੇਲ ਦੇ ਡਰੰਮ ਭਰੋ। ਪਰ ਬਾਵਾ ਸਿੰਘ ਨੇ ਦੱਸਿਆ ਕਿ ਉਸ ਕੋਲ ਏਨੇ ਡਰੰਮ ਨਹੀਂ।

ਦੂਸਰੇ ਪਾਸੇ ਉਥੇ ਆਉਣ ਵਾਲੇ ਵੱਡੀ ਗਿਣਤੀ ਵਿਚ ਲੋਕਾਂ ਦਾ ਮਜੁਮਾਂ ਹੋਣ ਕਰਕੇ ਉਹਦੀ ਕਣਕ ਵੀ ਖਰਾਬ ਹੋ ਰਹੀ ਹੈ। ਦੂਸਰਾ ਪਿੰਡ ਦੇ ਲੋਕ ਫਿਕਰਮੰਦ ਹੋ ਗਏ ਹਨ ਕਿ ਜੇਕਰ ਇਹ ਤੇਲ ਦਾ ਭੰਡਾਰ ਪੂਰੀ ਤਰ੍ਹਾਂ ਖੁਲ ਗਿਆ ਤਾਂ ਉਨ੍ਹਾਂ ਦੀ ਜ਼ਮੀਨ ਖੁਸ ਜਾਵੇਗੀ।

ਇਸ ਤੇਲ ਦੀ ਪਰਖ ਲਈ ਮਾਹਿਰਾਂ ਨੂੰ ਰਿਪੋਰਟ ਭੇਜੀ ਗਈ ਤੇ ਉਚ ਪੱਧਰੀ ਜਾਂਚ ਕੀਤੀ ਜਾ ਰਹੀ ਹੈ। ਸਰਕਾਰੀ ਤੌਰ 'ਤੇ ਇਸ ਖੂਹ ਦੀ ਪੜਤਾਲ ਜਾਰੀ ਹੈ। ਪਿੰਡ ਵਾਸੀਆਂ ਦੀ ਮੰਗ ਹੈ ਕਿ ਇਸ ਦਾ ਜਲਦੀ ਪਤਾ ਲਗਾਇਆ ਜਾਵੇ। ਇਥੋਂ ਮਿਲਿਆ ਤੇਲ ਪੈਟਰੋਲ ਤੇ ਮਿੱਟੀ ਦੇ ਤੇਲ ਦੀ ਮਿਲਾਵਟ ਵਰਗਾ ਹੈ ਜਿਸ ਨੂੰ ਮਾਮੂਲੀ ਅੱਗ ਨਾਲ ਇਕ ਦਮ ਅੱਗ ਲਗ ਰਹੀ ਹੈ।


## ਰੈਸਟੋਰੈਂਟ ਸੇਲ ਉਤੇ

**ਸਰੀ-ਡੈਲਟਾ ਪੰਜਾਬੀ ਮਾਰਕਿਟ ਵਿਚ**

## ਮਿਸਟਰ ਮਾਈਕ ਰੈਸਟੋਰੈਂਟ

(ਜੋ ਕਿ 9261 — ਸਕਾਟ ਰੋਡ 'ਤੇ ਹੈ)

## ਸੇਲ ਉਤੇ ਹੈ

## ਕੀਮਤ ਸਿਰਫ 69,900 ਡਾਲਰ

ਰੈਸਟੋਰੈਂਟ ਦਾ ਸਾਰਾ ਸਾਮਾਨ ਵੀ ਇਸ ਕੀਮਤ ਵਿਚ ਸ਼ਾਮਲ ਹੈ

ਹੋਰ ਜਾਣਕਾਰੀ ਲਈ ਫੋਨ ਕਰੋ

ਦਲਜੀਤ ਸਿੰਘ ਤੂਰ

Daljit S. Toor

Bus: 590-1321

Res: 594-7629

Call

MIKE TRITES

Bus: 590-1321

Res: 594-7702

ROYAL LePAGE



## ਕਿਰਾਏ ਲਈ ਖਾਲੀ

ਬਰਨਬੀ ਵਿਚ ਇਕ ਬੈੱਡਰੂਮ ਦੀ ਬੇਸਮਿੰਟ ਕਿਰਾਏ ਲਈ ਖਾਲੀ ਹੈ, ਜਿਸ ਵਿਚ ਕਾਰਪੇਟ, ਫਰਿਜ਼, ਸਟੋਵ, ਤੇ ਸਾਰੀਆਂ ਸਹੂਲਤਾਂ ਹਨ। ਬੱਸ ਸਟਾਪ ਵੀ ਨੇੜੇ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :

525-0268



## Hans Appliances

ਅਸੀਂ ਫਰਿਜ਼, ਸਟੋਵ, ਡਰਾਇਰ, ਵਾਸ਼ਰ, ਮਾਈਕਰੋਵੇਵ ਤੇ ਹੋਰ ਘਰੇਲੂ ਐਪਲਾਈਂਸਜ਼ ਦੀ ਮੁਰੰਮਤ ਕਰਦੇ ਹਾਂ।



We also buy/sell old & new appliances



Reasonable Rates

Phone 585-0782



## ਸੂਟ (ਨਾਲ ਦੁਪੱਟਾ) ਰੈਗੂਲਰ $25.00 ਹੁਣ $15.99 ਇਕ ਹੋਰ ਸਪੈਸ਼ਲ ਸਪੈਸ਼ਲ

## ਪਲੇਨ ਸੂਟ ਰੈਗੂਲਰ $16.00 ਹੁਣ $9.99 ਰੈਗੂਲਰ $10.00 ਹੁਣ $5.99

## ਭਾਰਤੀ ਸਿਲਕ ਦੇ ਸੂਟਾਂ 'ਤੇ (ਸਣੇ ਦੁਪੱਟਾ) 50% OFF

ਵਿਆਹ ਸ਼ਾਦੀਆਂ ਤੇ ਇੰਡੀਆ ਜਾਣ ਵੇਲੇ ਖਾਸ ਰਿਆਇਤ

## ਸਰੀ ਵਿਚ ਹਰ ਤਰ੍ਹਾਂ ਦਾ ਕੱਪੜਾ ਖ੍ਰੀਦਣ ਲਈ

# ਪਾਇਲ ਸਾੜ੍ਹੀ ਸੈਂਟਰ

9277, ਸਕਾਟ ਰੋਡ (120 ਸਟਰੀਟ) ਡੈਲਟਾ, ਬੀ. ਸੀ. ਫੋਨ (604) 584-6011

# ਸੱਚ ਬੋਲਣ ਦੀ ਹੀ ਸਜ਼ਾ ਭੁਗਤੀ ਹੈ — ਚੰਦੂਮਾਜਰਾ

ਚੰਡੀਗੜ੍ਹ — ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਅਕਾਲੀ ਦਲ (ਲੌਂ:) ਯੂਥ ਵਿੰਗ ਦੇ ਪ੍ਰਧਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਉਹ 'ਸੱਚ ਬੋਲਣ ਅਤੇ ਹੱਕ ਮੰਗਣ' ਬਦਲੇ ਸਜ਼ਾ ਭੁਗਤ ਕੇ ਆਏ ਹਨ। ਪ੍ਰੋ. ਚੰਦੂਮਾਜਰਾ ਇਥੇ ਆਪਣੇ ਨਿਵਾਸ ਅਸਥਾਨ ਉਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਹ ਲਗਪਗ 8 ਮਹੀਨੇ ਦੀ ਸਜ਼ਾ ਭੁਗਤਣ ਮਗਰੋਂ ਪਟਿਆਲਾ ਜੇਲ੍ਹ ਤੋਂ ਜ਼ਮਾਨ ਉਤੇ ਰਿਹਾਅ ਹੋਏ। ਉਨ੍ਹਾਂ ਦਾ ਚੰਡੀਗੜ੍ਹ ਪੁੱਜਣ ਉਤੇ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਦਾ ਸਵਾਗਤ ਕਰਨ ਵਾਲਿਆਂ ਵਿਚ ਸਾਬਕਾ ਮੰਤਰੀ ਬਲਵੰਤ ਸਿੰਘ, ਸਾਬਕਾ ਮੰਤਰੀ ਬਸੰਤ ਸਿੰਘ ਖਾਲਸਾ, ਪਾਰਲੀਮੈਂਟ ਮੈਂਬਰ ਬਲਵੰਤ ਸਿੰਘ ਰਾਮੂਵਾਲੀਆ, ਡਿਪਟੀ ਸਪੀਕਰ ਜਸਵੰਤ ਸਿੰਘ ਮਾਨਸਾ ਅਤੇ ਹੋਰ ਆਗੂ ਸ਼ਾਮਲ ਸਨ।

ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਵਿਚ ਸ਼ਾਂਤੀ ਪਿਆਰ ਨਾਲ ਆ ਸਕਦੀ ਹੈ। ਸਰਕਾਰ ਦੀਆਂ ਗਲਤ ਨੀਤੀਆਂ ਦੇ ਸਿੱਟੇ ਕਾਰਨ ਹੀ ਰਾਜ ਦੀ ਵਰਤਮਾਨ ਸਥਿਤੀ ਬਣੀ ਹੋਈ ਹੈ। ਜਬਰ, ਤਸ਼ੱਦਦ ਦੀ ਨੀਤੀ ਨੇ ਰਾਜ ਵਿਚ ਕਈ ਗੁਣਾਂ ਕਤਲ ਵਧਾ ਦਿਤੇ ਹਨ। ਇਕ ਸਵਾਲ ਦੇ ਜਵਾਬ ਵਿਚ ਯੁਵਕ ਨੇਤਾ ਨੇ ਕਿਹਾ ਕਿ ਉਹ ਪੰਥਕ ਏਕਤਾ ਦੇ ਮੁਦਈ ਹਨ। ਸਮੇਂ ਦੀ ਜਾਬਰ ਹਕੂਮਤ ਹੱਥੋਂ ਕਤਲ ਬੰਦ ਕਰਾਉਣ ਅਤੇ ਰਾਜ ਦੇ ਵਿਕਾਸ ਲਈ ਜਮਹੂਰੀ ਅਤੇ ਸਿਧਾਂਤਾਂ ਦੇ ਆਧਾਰ ਉਤੇ ਪੰਥਕ ਏਕਤਾ ਕੀਤੀ ਜਾਵੇ। ਚੰਦੂਮਾਜਰਾ ਦੀ ਰਿਹਾਈ ਦਾ ਸਵਾਗਤ ਕਰਨ ਵਾਲਿਆਂ ਵਿਚ ਸਰਵਸ੍ਰੀ ਹਰੀਸ਼ ਸਿੰਘ ਮੁਕੇਰੀਆਂ, ਅਮਰਜੀਤ ਸਿੰਘ ਵਾਲੀਆ, ਗੁਰਦੇਵ ਸਿੰਘ ਫੌਜੀ, ਪ੍ਰਿਤਪਾਲ ਸਿੰਘ ਬਿਸ਼ਨਪੁਰਾ ਅਤੇ ਕਈ ਹੋਰ ਯੁਵਕ ਨੇਤਾ ਸ਼ਾਮਲ ਸਨ।

ਹੁੰਦਾ ਸ਼ਾਇਰ "ਸ਼ਰਫ" ਦਾ ਜੋ ਸੀ ਕਦੇ ਗੁਲਾਬ,
ਘਾਣੀ ਉਸ ਪੰਜਾਬ ਦੀ ਹੋ ਚਲੀ ਗੁਲਕੰਦ।



Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



Editor: Darshan Kaur Bains

ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ
274-1213
ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ

PAUL'S PLUMBING, ELECTRICAL
& HEATING SUPPLY





Plumbing & Bathroom
Fixtures & Supplies
Hot Water Tanks
Hot Water Heating & Supplies
And Instalations

*We cut and thread galvanized pipe*
*We Cut keys also.*

"Free customer parking at rear"

4774 Main Street, at 32th Ave., Vancouver, B.C.
Sales: 872-3118
Service: 872-7227
HINDI, Punjabi Spoken

■ BUYING ■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S.
Medallion Club For 83-84 85-86

VANCOUVER
Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

Contact : Sukhdev S. Saini Ph. (604) 435-2421

Open : Mon: Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



■ WEDDING ACCESSORIES ■ WEDDING CAKES
■ WEDDING INIVITATIONS ■ CAKE ORNAMENTS
■ CAR DECORATIONS ■ WEDDING FLOWERS
■ GIFTS AND ALLIED ITEMS, etc.

LADIES TAILOR FOR PUNJABI SUITS, SARI
BLOUSES & DRESSES

Bride & Groom Shop
216 E. 50th Ave. [Main St.] Vancouver
324-5662



3333 KINGSWAY AT JOYCE, VANCOUVER, B.C.

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

**V.I.P. SUPERMARKET**
739, Elice Ave. WINNIPEG, MAN.

## Moti Floor Industries

**620 - Sophia St., SELKIRK — MAN.**

**Ph. 204-482-4111**
**Or. 204-785-1054**

**100% ਡਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ



ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ
ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੇਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ

ਆਓ ਤੇ ਅਜ਼ਮਾ ਕੇ ਦੇਖੋ !



## BOMBAY FASHIONS

724 SARGENT AVE., WINNIPEG, MANITOBA R3E 0B2

**Prop. BALDEV S. BEDI** M.A.B.A. (Hons.)

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ



**Sukhjinder S. Dhillon**
**Res: 669-2573**

ਰਾਜ ਸਿੰਘ ਮਾਨ
ਜਾਂ
ਸੁਖਜਿੰਦਰ ਸਿੰਘ ਢਿੱਲੋਂ
ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

The Manitoba Mirror

ਮੈਨੀਟੋਬਾ ਦਰਪਣ

# BRAR NATURAL FLOOR MILLS

## —ਸ਼ੇਰੇ-ਪੰਜਾਬ ਡਰੱਮ ਕਣਕ ਦਾ ਆਟਾ—

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

**ਫ਼ੋਨ : 204-632-5360**

ਗਰੋਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ ਮੂਵੀਆਂ

ਮੂਵੀਆਂ — ਟੇਪਾਂ

**Ph. 775-6989**

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



Sales Representative

## REMAX REALTY

10 - 2230 McPhillips St., Winnipeg, MB R2V 3C8



ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ







ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖ਼ਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

953 Notre Dame. Ave. WINNIPEG, MAN. R3E 0M8 **Ph. Bus. 772-3937**

**Res. 633-6567**

# REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



## ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਉਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# ਅਕਾਲੀ ਨੇਤਾਵਾਂ ਦੇ ਬਿਆਨ ਦੀ ਨਿਖੇਧੀ

ਜਲੰਧਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦਫਤਰ ਸਕੱਤਰ ਸ੍ਰੀ ਜੱਸਾ ਸਿੰਘ ਨੇ ਇਥੇ ਇਕ ਬਿਆਨ 'ਚ ਕਿਹਾ ਕਿ ਝੂਠੇ ਪੁਲਿਸ ਮੁਕਾਬਲੇ ਬੰਦ ਕਰਨ ਤੇ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਅਕਾਲੀ ਨੇਤਾਵਾਂ ਵਲੋਂ ਦਿੱਤੇ ਜਾ ਰਹੇ ਬਿਆਨ ਇਕ 'ਪਾਖੰਡ' ਹਨ ਤੇ ਉਹ ਦੁਬਾਰਾ ਸੱਤਾ 'ਚ ਆਉਣ ਲਈ ਇਸ ਨੀਤੀ ਉਤੇ ਚਲ ਰਹੇ ਹਨ। ਸੰਯੁਕਤ ਅਕਾਲੀ ਦਲ ਦੇ ਅੰਦੋਲਨ ਪ੍ਰੋਗਰਾਮ ਤੇ ਜ਼ਿਲਾ ਹੈਡ ਕੁਆਰਟਰਾਂ ਉਤੇ ਧਰਨੇ ਦੇਣ ਦਾ ਮੌਜੂ ਉਡਾਉਂਦਿਆਂ ਫੈਡਰੇਸ਼ਨ ਨੇਤਾ ਨੇ ਕਿਹਾ ਕਿ ਜੇ ਸੰਯੁਕਤ ਦਲ ਦੇ ਨੇਤਾ ਸਿੱਖ ਨੌਜਵਾਨਾਂ ਦੀ ਰਿਹਾਈ, ਝੂਠੇ ਪੁਲਿਸ ਮੁਕਾਬਲੇ ਬੰਦ ਕਰਾਉਣ ਸਮੇਤ ਆਪਣੀਆਂ ਦੂਜੀਆਂ ਮੰਗਾਂ ਪ੍ਰਤੀ ਸੱਚਮੁਚ ਸੁਹਿਰਦ ਹਨ ਤਾਂ ਉਨ੍ਹਾਂ ਨੂੰ ਪੁਲਿਸ ਥਾਣਿਆਂ ਦਾ ਘਿਰਾਓ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਜੇ ਇਹ ਅਕਾਲੀ ਨੇਤਾ "ਸਿੱਖਾਂ ਦੀ ਆਜ਼ਾਦੀ" ਦਾ ਐਲਾਨ ਨਹੀਂ ਕਰਦੇ ਤਾਂ ਇਨ੍ਹਾਂ ਦੀ ਹਮਾਇਤ ਨਾ ਕੀਤੀ ਜਾਵੇ।

# ਜਗਤਰਾਮ ਦੇ ਕਤਲ ਦੀ ਜ਼ਿਮੇਂਵਾਰੀ

ਜਲੰਧਰ — ਖਾਲਿਸਤਾਨ ਕਮਾਂਡੋ ਫੋਰਸ ਨੇ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਮੀਤ ਪ੍ਰਧਾਨ ਚੌਧਰੀ ਜਗਤ ਰਾਮ ਦੀ 4 ਜਨਵਰੀ ਨੂੰ ਫਗਵਾੜਾ ਵਿਖੇ ਹੱਤਿਆ ਦੀ ਜ਼ਿਮੇਂਵਾਰੀ ਆਪਣੇ ਸਿਰ ਲਈ ਹੈ। ਕਮਾਂਡੋ ਫੋਰਸ ਦੇ ਏਰੀਆ ਕਮਾਂਡਰ ਸ੍ਰੀ ਜਬਰ ਜੰਗ ਸਿੰਘ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਚੌਧਰੀ ਜਗਤ ਰਾਮ ਸਿੱਖਾਂ ਨੂੰ ਗੁੰਮਰਾਹ ਕਰਨ ਵਾਲਾ ਪ੍ਰਚਾਰ ਕਰਦਾ ਰਹਿੰਦਾ ਸੀ ਤੇ ਉਹ ਸਿੱਖਾਂ ਦੀ ਸ਼ਾਨ ਨੂੰ ਠੇਸ ਪਹੁੰਚਾਉਂਦਾ ਸੀ। ਉਹ ਉਸ ਮਤੇ ਵਿਚ ਧਿਰ ਸੀ ਜਿਸ 'ਚ ਕਾਂਗਰਸ (ਆਈ) ਨੇ ਗਰਮਦਲੀਆਂ ਨੂੰ ਹਥਿਆਰ ਸੁਟਣ ਲਈ ਕਿਹਾ ਸੀ। ਬਿਆਨ ਰਾਹੀਂ ਚਿਤਾਵਨੀ ਦਿੱਤੀ ਗਈ ਹੈ ਕਿ ਸਿੱਖਾਂ ਦੀ ਸ਼ਾਨ ਵਿਰੁਧ ਕੰਮ ਕਰਨ ਵਾਲਿਆਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਖਾਲਿਸਤਾਨ ਕਮਾਂਡੋ ਫੋਰਸ ਦੇ ਆਪੂੰ ਬਣੇ ਲੈਫਟੀਨੈਂਟ ਜਨਰਲ ਸ੍ਰੀ ਬਲਵਿੰਦਰ ਸਿੰਘ ਰੂਪੋਵਾਲੀ ਨੇ ਇਕ ਵੱਖਰੇ ਬਿਆਨ ਰਾਹੀਂ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਸ੍ਰੀ ਤਰਸੇਮ ਸਿੰਘ ਰੂਪੋਵਾਲੀ ਨੂੰ ਕੋਈ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ ਗਿਆ ਤਾਂ ਉਸ ਦਾ ਬਦਲਾ ਲਿਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਗਿਣੀ-ਮਿਥੀ ਸਾਜ਼ਿਸ਼ ਅਧੀਨ ਸ੍ਰੀ ਤਰਸੇਮ ਸਿੰਘ ਨੂੰ ਸੰਗਰੂਰ ਜੇਲ੍ਹ ਤੋਂ ਗੁਰਦਾਸਪੁਰ ਜੇਲ ਵਿਚ ਤਬਦੀਲ ਕੀਤਾ ਗਿਆ ਹੈ।

## ਹਦੀਆਬਾਦ ਨੂੰ ਘੇਰਾ

ਮੁਕਤਸਰ ਤੋਂ ਬੁਲਾਏ ਗਏ ਸੀ.ਆਰ.ਪੀ. ਦੇ ਕਰੀਬ 300 ਸਿਪਾਹੀਆਂ ਨੇ ਪਿੰਡ ਹਦੀਆਬਾਦ (ਫਗਵਾੜੇ ਨੇੜੇ) ਨੂੰ ਘੇਰਾ ਪਾ ਕੇ ਕਰਫਿਊ ਵਾਲੀ ਹਾਲਤ ਕਰ ਦਿੱਤੀ। ਤੜਕੇ 3.00 ਵਜੇ ਤੋਂ ਸਵੇਰੇ 10.00 ਵਜੇ ਤੱਕ ਲਗਾਤਾਰ 7 ਘੰਟੇ ਘਰ ਘਰ ਦੀ ਤਲਾਸ਼ੀ ਲਈ ਅਤੇ 7 ਸ਼ੱਕੀ ਬੰਦੇ ਗ੍ਰਿਫਤਾਰ ਕਰ ਲਏ।

ਪੁਲਸ ਨੂੰ ਸੂਹ ਮਿਲੀ ਸੀ, ਕਿ ਚੌ. ਜਗਤ ਰਾਮ ਦੇ ਕਥਿਤ ਕਾਤਲ ਇਸ ਪਿੰਡ ਵਿਚ ਛੁਪੇ ਹੋਏ ਹਨ। ਕੋਈ ਸ਼ਖਸ਼ ਬਾਹਰੋਂ ਅੰਦਰ ਜਾਂ ਅੰਦਰੋਂ ਬਾਹਰ ਨਹੀਂ ਜਾਣ ਦਿੱਤਾ ਗਿਆ। ਕੋਈ ਮੁਲਾਜ਼ਮ ਕੰਮ ਤੇ ਵੀ ਨਾ ਜਾ ਸਕਿਆ।

AUTOPAC
PROTECTING MANITOBANS ON THE MOVE

Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

ਡੋਰੀਅਨ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

MINT
AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5





# ਸਾਹਿਤ ਤੇ ਕਲਾ



# ਕੁਲਵੰਤ ਸਿੰਘ ਵਿਰਕ
# ਸ਼ਰਧਾਂਜਲੀ ਸਪਲੀਮੈਂਟ

## ਕਹਾਣੀ

## ਨਵੇਂ ਲੋਕ

### ਕੁਲਵੰਤ ਸਿੰਘ ਵਿਰਕ

ਮੈਂ ਆਪਣੇ ਇਕ ਪੁਰਾਣੇ ਸ਼ਾਗਿਰਦ ਕੋਲ ਠਹਿਰਿਆ ਹੋਇਆ ਸਾਂ। ਸ਼ਾਗਿਰਦ ਕਾਹਦਾ ਸੀ, ਹੁਣ ਤੇ ਦੋਸਤ ਹੀ ਸੀ। ਪੜ੍ਹਦੇ ਹੁੰਦਿਆਂ ਮੁੰਡੇ ਕੁਝ ਥੋੜ੍ਹੀ ਜਿਹੀ ਸੰਗ ਕਰਦੇ ਨੇ, ਪਰ ਜਦੋਂ ਕਾਲਜੋਂ ਨਿਕਲ ਕੇ ਕੰਮ-ਕਾਜ 'ਤੇ ਲਗ ਜਾਣ ਤਾਂ ਆਪਣੇ ਪ੍ਰੋਫੈਸਰਾਂ ਦੇ ਮਿਤਰ ਬਣ ਜਾਂਦੇ ਨੇ। ਪ੍ਰੋਫੈਸਰਾਂ ਦੇ ਬਹੁਤੇ ਦੋਸਤ ਇਸ ਤਰ੍ਹਾਂ ਆਪਣੇ ਤੋਂ ਛੋਟੀ ਉਮਰ ਦੇ ਹੀ ਹੁੰਦੇ ਨੇ।

ਮੇਰਾ ਮਿੱਤਰ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਉਸ ਮਕਾਨ ਦਾ ਮਾਲਕ ਇਕ ਸਰਕਾਰੀ ਨੌਕਰ ਸੀ ਜਿਸ ਦੀ ਬਦਲੀ ਹੁਣ ਇਸੇ ਸ਼ਹਿਰ ਵਿਚ ਹੋ ਗਈ ਸੀ। ਇਸ ਮਕਾਨ ਵਿਚ ਹੁਣ ਉਹ ਆਪ ਰਹਿਣਾ ਚਾਹੁੰਦਾ ਸੀ ਤੇ ਮੇਰੇ ਮਿਤਰ ਨੂੰ ਵਾਰ ਵਾਰ ਆਖ ਰਿਹਾ ਸੀ ਕਿ ਉਹ ਕੋਈ ਹੋਰ ਮਕਾਨ ਲੱਭ ਲਵੇ। ਉਸ ਦਾ ਮੁੰਡਾ ਰੋਜ਼ ਆ ਕੇ ਕਿਸੇ ਨਾ ਕਿਸੇ ਖਾਲੀ ਮਕਾਨ ਦੀ ਦੱਸ ਵੀ ਪਾ ਜਾਂਦਾ ਸੀ ਤਾਂ ਜੋ ਉਨ੍ਹਾਂ ਦਾ ਮਕਾਨ ਛੇਤੀ ਖਾਲੀ ਹੋ ਜਾਵੇ। ਇਕ ਮਕਾਨ ਦੀ ਦੱਸ ਉਹ ਅੱਜ ਸਵੇਰੇ ਹੀ ਪਾ ਕੇ ਗਿਆ ਸੀ।

ਸ਼ਾਮ ਨੂੰ ਮੇਰਾ ਮਿੱਤਰ ਕਹਿਣ ਲੱਗਾ, "ਪ੍ਰੋਫੈਸਰ ਸਾਹਿਬ, ਚਲੋ ਮਕਾਨ ਵੇਖਣ ਚੱਲੀਏ।" ਇਹੋ ਜਿਹੇ ਕੰਮ ਵਿਚ ਮੇਰੇ ਲਈ ਕੀ ਪਿਆ ਸੀ ਇਹ ਨਵਾਂ ਮਕਾਨ ਹੁਣ ਵਾਲੇ ਮਕਾਨ ਤੋਂ ਅੱਧ ਕੁ ਮੀਲ ਦੂਰ ਇਕ ਨਵੀਂ ਆਬਾਦੀ ਵਿਚ ਸੀ। ਮੈਂ ਆਪਣੇ ਲਈ ਕਦੀ ਮਕਾਨ ਲੱਭਣ ਨਹੀਂ ਗਿਆ ਜਾਂ ਕਾਲਜ ਦੇ ਦਿੱਤੇ ਮਕਾਨ ਵਿਚ ਰਿਹਾ ਹਾਂ ਜਾਂ ਆਪਣੇ ਮਕਾਨ ਵਿਚ। ਮੇਰਾ ਅੰਦਾਜ਼ਾ ਸੀ ਕਿ ਉਥੇ ਰਸੋਈਆ, ਗੁਸਲਖਾਨਿਆਂ, ਟੱਟੀਆਂ, ਰਸਤਿਆਂ, ਕੰਧਾਂ, ਦਰਵਾਜ਼ਿਆਂ, ਕਿਰਾਇਆਂ ਦੀਆਂ ਹੀ ਗੱਲਾਂ ਹੋਣਗੀਆਂ। ਮੈਂ ਕੀ ਕਰਨਾ ਏ?

"ਨਹੀਂ ਪ੍ਰੋਫੈਸਰ ਸਾਹਿਬ, ਚਲੋ ਤੁਸੀਂ। ਕਿਰਾਏ ਉਤੇ ਮਕਾਨ ਲੈਣਾ ਤੇ ਬਹੁਤ ਹੀ ਮਜ਼ੇਦਾਰ ਕੰਮ ਏ। ਇਸ ਤਰ੍ਹਾਂ ਏ ਜਿਵੇਂ ਕਿਸੇ ਦੇ ਬੱਚੇ ਨੂੰ ਗੋਦ ਲੈ ਰਹੇ ਹੋਵੋ, ਜਾਂ ਮਤਬੰਨਾ ਬਣਾ ਰਹੇ ਹੋਵੋ। ਮਕਾਨ ਵਾਲੇ ਤੁਹਾਨੂੰ ਉਸ ਦੀਆਂ ਚੰਗੀਆਂ ਗੱਲਾਂ ਦੱਸਦੇ ਨੇ। ਅੱਖਾਂ ਨਾਲ ਤੁਹਾਡੇ ਵਿਚੋਂ ਦੀ ਲੰਘ ਜਾਣਾ ਚਾਹੁੰਦੇ ਨੇ, ਪਈ ਇਹ ਕਿਸ ਤਰ੍ਹਾਂ ਦੇ ਆਦਮੀ ਨੇ? ਕਿਰਾਇਆ ਦੇ ਸਕਣਗੇ ਕਿ ਨਹੀਂ? ਤੇ ਇਸ ਸਾਰੇ ਸਿਲਸਿਲੇ ਦਾ ਕੋਈ ਅੱਗਾ ਪਿੱਛਾ ਨਹੀਂ। ਤੁਸੀਂ ਬਰੂਹਾਂ ਲੰਘੇ ਤਾਂ ਕਿੱਸਾ ਸ਼ੁਰੂ। ਮੁੜ ਆਓ ਤਾਂ ਕਿੱਸਾ ਖਤਮ। ਬੜਾ ਸਵਾਦੀ ਕੰਮ ਏ, ਚਲੋ ਚੱਲੀਏ।"

ਅਸੀਂ ਟੁਰ ਪਏ। ਦੱਸੀਆਂ ਹੋਈਆਂ ਨਿਸ਼ਾਨੀਆਂ ਤੋਂ ਦੁਮੰਜ਼ਲਾ ਮਕਾਨ ਅਸਾਂ ਲੱਭ ਲਿਆ। ਮੱਥੇ ਉਤੇ ਲਿਖਿਆ ਹੋਇਆ ਸੀ ਜਿਹੜਾ ਕਿਸੇ ਜ਼ਨਾਨੀ ਦੇ ਨਾਂ ਪਿੱਛੇ ਸੀ। ਇਹ ਮਕਾਨ ਬਹੁਤ ਵਧੀਆ ਬਣਿਆ ਹੋਇਆ ਸੀ। ਹੋ ਸਕਦਾ ਸੀ ਕਿ ਜਿੰਨਾ ਕਿਰਾਇਆ ਮੇਰਾ ਮਿੱਤਰ ਦੇ ਸਕਦਾ ਸੀ ਓਨੇ ਵਿਚ ਨਾ ਮਿਲੇ। ਪਰ ਵੇਖਣ ਦਾ ਕੋਈ ਮੁੱਲ ਨਹੀਂ ਲਗਦਾ ਸੀ। ਹੁਣ ਆਏ ਤਾਂ ਹੋਏ ਸਾਂ। ਨਾਲ ਦੇ ਮਕਾਨ ਵਾਲੇ ਨੇ ਦੱਸਿਆ ਕਿ ਮਕਾਨ ਦਾ ਮਾਲਕ ਹਰ ਰੋਜ਼ ਅੰਮ੍ਰਿਤਸਰ ਤੁਰ ਜਾਂਦਾ ਹੈ ਤੇ ਰਾਤ ਪਈ ਪਰਤਦਾ ਹੈ। ਬੀਬੀ ਦੁੱਧ ਲੈ ਕੇ ਆਈ ਹੈ। ਔਹ ਪਰੇ ਖੜ੍ਹੀ ਹੈ। ਉਹੋ ਗੱਲਬਾਤ ਕਰ ਲਵੇਗੀ।

ਮਕਾਨ ਦੀ ਮਾਲਕਣ ਹੱਥ ਵਿਚ ਕੁੰਡੇ ਵਾਲਾ ਇਕ ਡੱਬਾ ਲਮਕਾਈ ਇਕ ਹੋਰ ਜ਼ਨਾਨੀ ਨਾਲ ਗੱਲਾਂ ਕਰ ਰਹੀ ਸੀ। ਇਹ ਦੂਜੀ ਜ਼ਨਾਨੀ ਕੋਈ ਘਰਾਂ ਵਿਚ ਕੰਮ ਕਰਨ ਵਾਲੀ ਜਾਪਦੀ ਸੀ। ਪਰ ਮਾਲਕਣ ਉਸ ਨਾਲ ਬੜੀਆਂ ਹੱਸ ਹੱਸ ਕੇ ਗੱਲਾਂ ਕਰ ਰਹੀ ਸੀ। ਅਸੀਂ ਦੂਜੇ ਘਰ ਦੇ ਸਾਹਮਣੇ ਖਲੋਤੇ ਸਾਂ, ਇਸ ਲਈ ਉਸ ਨੂੰ ਖਿਆਲ ਨਹੀਂ ਹੋ ਸਕਦਾ ਸੀ ਕਿ ਅਸੀਂ ਉਸ ਨੂੰ ਮਿਲਣ ਆਏ ਹਾਂ। ਉਹ ਖੜ੍ਹੀ ਉਸ ਨਾਲ ਗੱਲਾਂ ਕਰੀ ਗਈ। "ਬੜੀ ਮਿਲਾਪੜੀ ਜਾਪਦੀ ਹੈ", ਮੇਰੇ ਮਿੱਤਰ ਨੇ ਕਿਹਾ। ਉਸ ਨੂੰ ਇਸ ਗੱਲ ਦੀ ਖੁਸ਼ੀ ਸੀ ਕਿਉਂਕਿ ਮਕਾਨ ਦੇ ਉਤਲੇ ਹਿੱਸੇ ਵਿਚ ਉਹ ਆਪ ਰਹਿੰਦੇ ਸਨ ਤੇ ਹੇਠਲਾ ਹਿੱਸਾ ਕਿਰਾਏ ਉਤੇ ਦਿੰਦੇ ਸਨ। ਚੰਗੇ ਸੁਭਾਅ ਕਰਕੇ ਦੋਹਾਂ ਘਰਾਂ ਦੇ ਆਪੋ ਵਿਚ ਵਾਹਵਾ ਨਿਭ ਸਕਦੀ ਸੀ

ਉਥੇ ਖਲੋਤੀ ਉਹ ਡੀਲ ਡੌਲ ਤੋਂ ਜਵਾਨ ਲਗਦੀ ਸੀ। ਇਸ ਤਰ੍ਹਾਂ ਉਹ ਮੇਰੇ ਦੋਸਤ ਦੀ ਪਤਨੀ ਦੀ ਹਾਣਨ ਜਿਹੀ ਵੀ ਸੀ। ਉਸ ਦਾ ਮੂੰਹ ਸਿੱਧਾ ਸਾਡੇ ਵੱਲ ਨਹੀਂ ਸੀ, ਕਵਾਸੀ ਜਿਹੀ ਖਲੋਤੀ ਸੀ। ਸ਼ਾਮ ਦਾ ਸੂਰਜ ਉਸ ਦੀ ਧੌਣ ਤੇ ਮੂੰਹ ਦੇ ਇਕ ਪਾਸੇ ਨੂੰ ਲਿਸ਼ਕਾ ਰਿਹਾ ਸੀ। ਦੂਰੋਂ ਉਹ ਸੋਹਣੀ ਜਾਪਦੀ ਸੀ।

ਦੂਜੀ ਇਸਤਰੀ ਨੂੰ ਵਿਦਿਆ ਕਰਕੇ ਉਹ ਘਰ ਵੱਲ ਆਈ। ਅਸੀਂ ਵੀ ਨਾਲ ਦਾ ਘਰ ਛੱਡ ਕੇ ਉਸ ਦੇ ਬੂਹੇ ਅੱਗੇ ਹੋ ਖਲੋਤੇ। ਸਾਨੂੰ ਖਲੋਤਿਆਂ ਨੂੰ ਵੇਖ ਕੇ ਉਹ ਸਮਝ ਗਈ ਕਿ ਕੋਈ ਮਕਾਨ ਵੇਖਣ ਆਏ ਨੇ। ਉਸ ਨੇ ਉਹੋ ਪਹਿਲੇ ਵਾਲਾ ਖੇੜਾ ਆਪਣੇ ਚਿਹਰੇ ਉਤੇ ਲੈ ਆਂਦਾ।

ਉਸ ਦੀ ਮੁਸਕਰਾਹਟ ਅੱਧੀ ਨਮਸਕਾਰ ਸੀ। ਬਾਕੀ ਅੱਧੀ ਅਸਾਂ ਕੀਤੀ। ਉਸ ਨੇ ਗੇਟ ਖੋਲ੍ਹਿਆ। ਬਰਾਂਡਾ ਬਹੁਤ ਸੋਹਣਾ ਸੀ ਤੇ ਬਾਹਰ ਥੋੜ੍ਹੇ ਜਿਹੇ ਥਾਂ ਵਿਚ ਘਾਹ ਲੱਗਾ ਹੋਇਆ ਸੀ। ਸਾਡੇ ਉਤੇ ਮਕਾਨ ਦਾ ਬਹੁਤ ਚੰਗਾ ਪ੍ਰਭਾਵ ਪਿਆ। ਪਰ ਮਾਲਕਣ ਨੇ ਇਸ ਨੂੰ ਗੌਲਿਆ ਨਾ। ਉਸ ਦਾ ਧਿਆਨ ਦੁੱਧ ਦੇ ਡੱਬੇ ਤੋਂ ਖਲਾਸੀ ਕਰਵਾਉਣ ਵਿਚ ਸੀ।

ਉਸ ਨੇ ਕਿਸੇ ਨੂੰ ਆਵਾਜ਼ ਦਿੱਤੀ। ਇਕ ਔਰਤ ਕੋਠੇ ਤੋਂ ਉਤਰੀ। ਉਸ ਨੇ ਡੱਬਾ ਉਸ ਨੂੰ ਫੜਾ ਦਿੱਤਾ।

ਵਿਹਲੀ ਹੋ ਕੇ, ਉਹ ਉਤਾਂਹ ਧਿਆਨ ਕੀਤਾ ਤੇ ਮੁਸਕਰਾ ਕੇ ਕਿਹਾ, "ਇਧਰ ਸਾਹਮਣਿਓਂ ਅੰਦਰੋਂ ਬੰਦ ਕੀਤਾ ਹੋਇਆ ਏ। ਦੂਜੇ ਪਾਸੇ ਆ ਜਾਓ।"

ਅਸੀਂ ਖੁਸ਼ੀ ਖੁਸ਼ੀ ਉਸ ਦੇ ਪਿੱਛੇ ਟੁਰ ਪਏ।

ਪਿਛਲੇ ਪਾਸੇ ਇਕ ਹੋਰ ਬਰਾਂਡਾ ਸੀ। ਗੁੱਠ ਵਿਚ ਇਕ ਕਮਰਾ ਸੀ। ਉਸ ਨੇ ਕੁੰਡਾ ਖੋਲ੍ਹਿਆ। ਅਸੀਂ ਅੰਦਰ ਵੜ ਗਏ। ਉਹ ਬਾਹਰ ਹੀ ਖਲੋਤੀ ਰਹੀ। ਮੇਰੇ ਮਿੱਤਰ ਨੇ ਗਹੁ ਨਾਲ ਫਰਸ਼ ਵੱਲ ਵੇਖਿਆ ਜਿਹੜਾ ਬਹੁਤ ਵਧੀਆ ਤੇ ਸਾਫ ਸੀ।

"ਫਰਸ਼ 'ਤੇ ਚਿਪਸ ਲਵਾਏ ਹੋਏ ਨੇ, ਜ਼ਰਾ ਸਾਫ ਰਹਿੰਦਾ ਏ", ਮਾਲਕਣ ਨੇ ਕਿਹਾ।

"ਹਾਂ ਜੀ।" ਤੇ ਫਿਰ ਥੋੜ੍ਹਾ ਜਿਹਾ ਝਕ ਕੇ ਮੇਰੇ ਮਿੱਤਰ ਨੇ ਕਿਹਾ, "ਇਸ ਉਤੇ ਤਾਂ ਕੁਝ ਡੁੱਲ੍ਹਿਆ ਹੋਵੇ ਤਾਂ ਚੁੱਕ ਕੇ ਖਾਣ ਵਿਚ ਵੀ ਕੋਈ ਹਰਜ ਨਹੀਂ।"

ਮਾਲਕਣ ਜਿਹੜੀ ਹੱਸਣ ਹੱਸਣ ਹੀ ਕਰਦੀ ਸੀ, ਖੁੱਲ੍ਹ ਕੇ ਹੱਸ ਪਈ। ਹੁਣ ਜਦੋਂ ਉਸ ਹੋਰ ਕਮਰਾ ਖੋਲ੍ਹਿਆ ਤਾਂ ਆਪ ਵੀ ਸਾਡੇ ਨਾਲ ਹੀ ਆ ਗਈ। ਉਹ ਕਮਰਿਆਂ ਦੀ ਅਲਮਾਰੀਆਂ ਬਾਰੀਆਂ ਖੋਲ੍ਹ ਕੇ ਵਿਖਾਂਦੀ ਰਹੀ ਤੇ ਹਰ ਕਮਰੇ ਦੀ ਵਰਤੋਂ ਦੱਸਦੀ ਰਹੀ। ਰਸੋਈ ਸਭ ਕਮਰਿਆਂ ਤੋਂ ਸੋਹਣੀ ਸੀ। ਅੰਗਰੇਜ਼ੀ ਢੰਗ ਨਾਲ ਬਣਾਈ ਹੋਈ ਸੀ ਤੇ ਬਹੁਤ ਵੱਡੀ ਸੀ ਜਿਸ ਦੇ ਵਿਚੇ ਹੀ ਮੇਜ਼ ਲਾ ਕੇ ਰੋਟੀ ਖਾਧੀ ਜਾ ਸਕੇ।

"ਸਭ ਤੋਂ ਵੱਧ ਜ਼ੋਰ ਅਸਾਂ ਰਸੋਈ ਉਤੇ ਲਾਇਆ ਏ", ਮਾਲਕਣ ਨੇ ਬੜੇ ਫਖਰ ਨਾਲ ਕਿਹਾ।

"ਇਸ਼ ਦਾ ਸੁਖ ਤੁਹਾਡੀ ਭੈਣ ਨੂੰ ਹੋਊ।" ਮੇਰੇ ਮਿੱਤਰ ਨੇ ਆਪਣੀ ਵਹੁਟੀ ਨੂੰ ਵਿਚ ਲਿਆਉਂਦਿਆਂ ਕਿਹਾ।

→

ਫੁਟਾਂ ਪਿਛੇ ਦੌੜੀਏ ਪਾ ਪਾ ਭਾਰੇ ਸੂਟ,
ਭਰ-ਸਾਗਰ ਵਿੱਚ ਖੁੱਲ੍ਹਗੀ ਨਗਮੇਂ ਵਾਲੀ ਪੰਡ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



C.S. Mangat
(Ex. Bank Manager)

MANGAT AGENCIES
No. 2-7171 King George HWY
SURREY, B.C.

594-5711 594-2254



A Lifetime of Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4
Ph. 859-4222



# ਧਰਮ ਤੇ ਫਲਸਫ਼ਾ

## ਸਿੱਖ ਅਤੇ ਮਾਸ

**ਮੇਹਰ ਸਿਘ ਸੰਧੂ, ਵੈਨਕੂਵਰ**

ਭਾਵੇਂ ਬਾਣੀ ਅੰਦਰ ਸੱਚ ਮੁਚ ਦਾ 'ਵੈਸ਼ਨੌ' ਜਾਂ ਭਗਤਾਂ ਬਾਬਤ ਬਹੁਤ ਕੁਝ ਲਿਖਿਆ ਗਿਆ ਹੈ ਪ੍ਰੰਤੂ ਫਿਰ ਭੀ ਕਈ ਸਾਡੇ ਪਖੰਡੀ ਭਾਈ ਬਾਣੀ ਗੁਰੂ ਜੀ ਦੇ ਕਹੇ ਮੁਜਬ ਝੂਠ ਫਰੇਬ, ਅਤੇ ਨਿੰਦਿਆ ਆਦਿਕਾਂ ਦਾ ਤਿਆਗ ਕਰਨ ਦੀ ਥਾਂ 'ਅਨਮਤੀਆ' ਦੀ ਰੀਸੇ ਸਿਰਫ 'ਮਾਸ' ਨਾ ਖਾਣ ਵਿਚ ਹੀ ਫੁੱਲੇ ਨਹੀਂ ਸਮਾਉਂਦੇ। ਅਗੇ ਬਾਣੀ ਗੁਰੂ ਜੀ ਦਸਦੇ ਹਨ ਕਿ ਕਿਸੇ ਕੀਤੇ ਇਕਰਾਰ ਤੋਂ ਮੁਕਰ ਜਾਣਾ ਅਥਵਾ ਇਨਸਾਫ ਦਾ ਉਲੰਘਨ ਕਰਨਾ ਹੀ ਮਨ ਦੀ ਜੂਠ ਨੂੰ ਵਧਾਉਣਾ ਹੈ ਜੈਸੇ —

ਜੂਠਿ ਨ ਰਾਗੀ ਜੂਠਿ ਨ ਵੇਦੀ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥
ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥
ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥
ਨਾਨਕ ਨਿਗੁਰਿਆਂ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥
(ਵਾਰ ਸਾਰੰਗ ਮ: 1)

ਮਨ ਜੂਠ ਤਨ ਜੂਠ ਹੈ, ਜਿਹਵਾ ਜੂਠੀ ਹੋਇ ॥
ਮੁਖ ਝੂਠੇ ਝੂਠ ਬੋਲਣਾ, ਕਿਉਂ ਕਰਿ 'ਸੂਚਾ' ਹੋਇ।
(ਸ੍ਰੀ ਰਾਗ ਮ: 1)

ਗਰਜ਼ ਬਾਣੀ ਗੁਰੂ ਜੀ ਫਿਰ ਭੀ ਤਾਕੀਦ ਕਰਦੇ ਹਨ ਕਿ ਨਿਰਾ 'ਮਾਸ' ਨਾ ਖਾਣ ਦਾ ਫੋਕਾ ਮਾਣ ਕਰਨ ਵਾਲਿਓ ਆਪਣੀ ਜਿੰਦਗੀ ਨੂੰ ਪਵਿਤਰ ਬਨਾਉਣ ਵਾਸਤੇ ਅਥਵਾ ਅਕਾਲ ਪੁਰਖ ਦੀ ਦਰਗਾਹ ਵਿਖੇ ਪੁਜਣ ਲਈ ਹੇਠ ਲਿਖੀਆਂ ਬੁਰਾਈਆਂ ਵਲੋਂ ਭੀ ਮੂੰਹ ਮੋੜੋ।

ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹੜਾ ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚਾਈ ਹੇ ॥
ਛੋਡਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥
ਮਿਲਿ ਸਤ ਸੰਗਤਿ ਨਾਮੁ ਸਲਾਹਹੁ, ਆਤਮ ਰਾਮੁ ਸਖਾਈ ਹੇ ॥
ਛੋਡਹੁ 'ਕਾਮ ਕ੍ਰੋਧ' ਬੁਰਿਆਈ ॥ ਹਉਮੈ ਧੰਧ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾਂ ਉਧਰਹੁ, ਇਉ ਤਰੀਐ ਭਵਜਲੁ ਭਾਈ ਹੇ
(ਮਾਰੂ ਸੋਲਹੇ ਮ: 1)

ਪਰ ਹਰਿ ਕਾਮ ਕ੍ਰੋਧ ਝੂਠ ਨਿੰਦਾ, ਤਜਿ ਮਾਇਆ ਅਹੰਕਾਰ ਚੁਕਾਵੈ ॥
ਤਜਿ ਕਾਮੁ ਕਾਮਨੀ ਮੋਹ ਤਜੈ, ਤਾਂ ਅੰਜਨ ਮਾਹਿ ਨਿਰੰਜਨੁ ਪਾਵੈ
ਤਜਿ ਮਾਨੁ ਅਭਿਮਾਨੁ ਪ੍ਰੀਤ ਸੁਤ ਦਾਰਾ, ਤਜਿ ਪਿਆਸ ਆਸ ਰਾਮ ਲਿਵਲਾਵੈ ॥
ਨਾਨਕ ਸਾਚਾ ਮਨਿ ਵਸੈ, ਸਾਚ ਸਬਦੁ ਹਰਿ ਨਾਮਿ ਸਮਾਵੈ ॥
(ਵਾਰ ਮਾਝ ਮ: 1)

ਮੁਕਦੀ ਗਲ — ਤਿਆਗ ਨਾ ਤਿਆਗਨੁ ਨੀਕਾ, ਕਾਮ ਕ੍ਰੋਧ ਲੋਭੁ ਤਿਆਗਨਾ ॥
ਮਾਗਨਾ ਮਾਂਗਨ ਨੀਕਾ, ਹਰਿ ਜਸੁ ਗੁਰ ਤੇ ਮਾਗਨਾ ॥
(ਮਾਰੂ ਮ: 5)

ਹੋਰ ਸੁਣੋ —

ਪਰ ਦਾਰਾ ਪਰ ਧਨੁ ਪਰ ਲੋਭਾ, ਹਉਮੈ ਬਿਖੈ ਬਿਕਾਰੁ ॥
ਦੁਸਟ ਭਾਉ ਤਜਿ ਨਿੰਦ ਪਰਾਈ, ਕਾਮੁ ਕ੍ਰੋਧ ਚੰਡਾਰੁ।
(ਮਲਾਰ ਮ: 1)

ਉੱਝ ਸੱਜਣ ਜੀ ! ਜ਼ਾਹਰਾ ਤੌਰ ਤੇ ਮਾਸ ਨਾ ਖਾਣ ਵਾਲੇ ਤਾਂ ਦੁਨੀਆਂ ਵਿਚ ਬਹੁਤੇਰੇ ਮਿਲ ਜਾਣਗੇ ਪਰ ਉਪਰ ਲਿਖੇ ਮੁਜਬ ਸੱਚ ਮੁੱਚ ਦੇ 'ਵੈਸ਼ਨੌ' ਜਾਂ ਤਿਆਗੀ ਕੋਈ ਵਿਰਲੇ ਹੀ ਦੇਖਣ ਵਿਚ ਆਉਂਦੇ ਹਨ। ਜੈਸੇ ....

ਉਸਤਤਿ ਨਿੰਦਾ ਦੋਊ ਬਿਬਰਜਤ, ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮੁ ਕਰਿ ਜਾਨਹਿ, ਤੇ ਮੂਰਤਿ ਭਗਵਾਨਾ ॥
ਤੇਰਾ ਜਨੁ ਏਕੁ ਆਧੁ ਕੋਈ
ਕਾਮੁ ਕ੍ਰੋਧ ਲੋਭ ਮੋਹੁ ਬਿਬਰਜਿਤੁ ਹਰਿ ਪਦੁ ਚੀਨੈ ਸੋਈ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਏਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ ਹੀ ਪਰਮ ਪਦੁ ਪਾਇਆ ॥
ਤੀਰਥਿ ਬਰਤ ਨੇਮ ਸੁਚਿ ਸੰਜਮ, ਸਦਾ ਰਹੈ ਨਿਹਕਾਕਾ ॥
ਤ੍ਰਿਸਨਾ ਅਰੁ ਮਾਇਆ ਭ੍ਰਮ ਚੂਕਾ, ਚਿਤਵਤ ਆਤਮ ਰਾਮਾ
(ਕੇਦਾਰਾ)

ਕਾਮ ਕ੍ਰੋਧ ਮਾਇਆ ਮਦ ਮਤਸਰ, ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖ ਦਇਆ ਧਰਮ ਸਚੁ, ਇਹ ਅਪਨੈ ਗ੍ਰਿਹ ਭੀਤਰਿ ਵਾਰੇ
(ਆਸਾ ਮ: 5)

ਬਾਣੀ ਗੁਰੂ ਜੀ ਵਲੋਂ 'ਪ੍ਰਹੇਜਗਾਰੀ' ਦਾ ਆਖਰੀ ਸਨੇਹਾ ...

ਸਾਧੋ ਮਨ ਕਾ ਮਾਨੁ ਤਿਆਗਉ।
ਕਾਮ ਕ੍ਰੋਧ ਸੰਗਤ ਦੁਰਜਨ ਕੀ, ਤਾਂ ਤੇ ਅਹਿ ਨਿਸਿ ਭਾਗਉ ॥
ਸੁਖ ਦੁਖ ਦੋਨੋ ਸਮਕਰਿ ਜਾਨੈ, ਅਉਰੁ ਮਾਨ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗਿ ਤਤੁ ਪਛਾਨਾ ॥
ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦ ਨਿਰਬਾਨਾ ॥
ਜਨ ਨਾਨਕ ਏਹੁ ਖੇਲੁ ਕਠਨੁ ਹੈ, ਕਿਨਹੂ 'ਗੁਰਮੁਖਿ' ਜਾਨਾ ॥
(ਗਉੜੀ ਮ: 9)

ਲੌ ਸਜਣ ਜੀ ! ਅਸੀਂ ਹੁਣ 'ਮਾਸ' ਨਾ ਖਾਣ ਦਾ ਫੋਕਾ ਮਾਨ ਕਰਨ ਵਾਲੇ ਭਰਾਵਾਂ ਨੂੰ ਡਬਲ ਤੋਂ ਡਬਲ ਚੈਲੰਜ ਕਰਦੇ ਹਾਂ ਕਿ ਗੁਰੂ ਸਾਹਿਬਾਂ ਵਲੋਂ ਉਪਰ ਲਿਖੀਆਂ 'ਤਿਆਗਨ ਯੋਗ' ਬੁਰਿਆਈਆਂ ਦੀ ਲਿਸਟ ਅੰਦਰ ਕਿਤੇ ਭੀ 'ਮਾਸ' ਦਾ ਜ਼ਿਕਰ ਆਇਆ ਹੈ ?

ਪ੍ਰੰਤੂ ਫਿਰ ਭੀ ਸਾਡੇ ਜਿਦਲ ਭਰਾ ਆਪਣਾ ਪ੍ਰਪੰਚ ਵਧਾਉਣ ਖਾਤਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਿਆ, ਈਰਖਾ, ਦ੍ਵੈਖ, ਝੂਠ, ਫਰੇਬ, ਬਲੈਕ ਅਤੇ ਬਗਾਨਾ ਹੱਕ ਖਾਣਾ ਛੱਡਣ ਛਡਾਉਣ ਵਲ ਤਾਂ ਧਿਆਨ ਨਹੀਂ ਦੇਂਦੇ ਪ੍ਰੰਤੂ ਕੁਦਰਤ ਵਲੋਂ ਮਨੁੱਖਾਂ ਦੇ ਖਾਣ ਵਾਲੇ ਪਦਾਰਥਾਂ ਦੇ ਤਰਕ ਅਥਵਾ ਬਾਈਕਾਟ ਕਰਨ ਵਿਚ ਹੀ ਆਪਣੀ ਬਹਾਦਰੀ ਗਿਣਦੇ ਹਨ।


**ਪ੍ਰਿੰਸ ਰੂਪਰਟ ਵਿਚ**
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ
**ਮੋਨੀਕਾ ਵੀਡੀਓ**
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
**ਫ਼ੋਨ ਕਰੋ : ਪਾਲ ਮੋਦਗਿੱਲ**
**627-1637**



NEW YORK LIFE
NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3
**LIFE ■ HEALTH ■ GROUP ■ DISABILITY INSURANCE**
ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਂਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?
**Off: 685-7364 Bhupinder Dhaliwal Res: 589-1559**




Bhupinder Dhaliwal


# Success Through Service & Experience
**AWARD WINNER**
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971
**For Professional Market Evaluation or Consultation**
**· Without any obligation, contact**
Buying, Selling or Trading
ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ
**Ph. Bus: 437-9431 Res: 434-4660**
**UNITED REALTY LTD.**
2443 Kingsway, Vancouver, B.C. V5R 5G8




**Ajaib S. Janda**

ਹੁਣ ਤਕ ਕਿਰਾਇਆ ਪੁੱਛਣ ਤੋਂ ਬਿਨਾਂ ਵੀ ਸਾਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਮਕਾਨ ਮੇਰੇ ਮਿੱਤਰ ਦੀ ਸਮਰੱਥਾ ਤੋਂ ਬਾਹਰ ਹੋਵੇਗਾ ਪਰ ਅਸੀਂ ਇਕਦਮ ਨਾਂਹ ਨਹੀਂ ਕਰਨਾ ਚਾਹੁੰਦੇ ਸਾਂ। ਕੁਝ ਕੁਝ ਮਾਲਕਣ ਦੇ ਕਰਜ਼ੇ ਹੇਠ ਆਏ ਮਹਿਸੂਸ ਕਰਦੇ ਸਾਂ।

"ਬੜਾ ਸ਼ਾਨਦਾਰ ਮਕਾਨ ਬਣਾਇਆ ਏ ਤੁਸਾਂ।" ਮੇਰੇ ਮਿੱਤਰ ਨੇ ਹੋਰ ਗੱਲਾਂ ਕਰਨ ਲਈ ਕਿਹਾ।

"ਪਹਿਲਾਂ ਅਸੀਂ ਬਾਹਰ ਰਹਿੰਦੇ ਸਾਂ। ਫਿਰ ਪੰਜਾਬ ਆਏ ਤਾਂ ਸੋਚਿਆ ਜੇ ਇਥੇ ਹੀ ਰਹਿਣਾ ਏ ਤਾਂ ਆਪਣਾ ਮਕਾਨ ਹੀ ਪਾ ਲਈਏ। ਬਣਾਂਦਿਆਂ ਬਣਾਂਦਿਆਂ ਵੱਡਾ ਬਣ ਗਿਆ।"

"ਬਾਹਰ ਕਿੱਥੇ ?"

"ਆਸਾਮ ਵਿਚ, ਉਥੇ ਇਨ੍ਹਾਂ ਦੀ ਰੇਡੀਓ ਦੀ ਦੁਕਾਨ ਸੀ, ਫੇਲ੍ਹ ਹੋ ਗਈ। ਹੁਣ ਅੰਮ੍ਰਿਤਸਰ ਰੇਡੀਓ ਦੀ ਦੁਕਾਨ ਸ਼ੁਰੂ ਕੀਤੀ ਏ। ਰੋਜ਼ ਸਵੇਰੇ ਜਾਂਦੇ ਨੇ, ਰਾਤ ਨੂੰ ਆਉਂਦੇ ਨੇ। ਖਿਆਲ ਸੀ ਜੇ ਇਥੇ ਸੜਕ ਬਣ ਗਈ ਤਾਂ ਇਥੇ ਮਕਾਨ ਵਿਚ ਹੀ ਦੁਕਾਨ ਸ਼ੁਰੂ ਕਰ ਦਿਆਂਗੇ। ਪਰ ਲੜਾਈ ਕਰਕੇ ਸੜਕ ਰੁਕ ਗਈ ਏ।" ਉਸ ਨੇ ਮਕਾਨ ਦੇ ਅੱਗੇ ਵੱਡੀ ਸੜਕ ਲਈ ਪਈ ਥਾਂ ਵੱਲ ਇਸ਼ਾਰਾ ਕਰ ਕੇ ਕਿਹਾ।

"ਤੁਸੀਂ ਇਥੋਂ ਦੇ ਈ ਰਹਿਣ ਵਾਲੇ ਓ", ਮੇਰੇ ਮਿੱਤਰ ਨੇ ਪੁੱਛਿਆ ਕਿਉਂਕਿ ਉਹ ਇਥੋਂ ਦੀ ਰਹਿਣ ਵਾਲੀ ਨਹੀਂ ਲਗਦੀ ਸੀ।

"ਹਾਂ, ਇਹ ਤੇ ਇਸੇ ਜ਼ਿਲੇ ਦੇ ਰਹਿਣ ਵਾਲੇ ਨੇ। ਪਿੰਡ ਵਿਚ ਜ਼ਮੀਨ ਏ। ਬਹੁਤੀ ਤੇ ਮਕਾਨ ਬਣਾਉਣ ਵਿਚ ਹੀ ਵੇਚ ਦਿੱਤੀ ਏ। ਕੁਝ ਅਜੇ ਹੈ। ਅੰਦਰ ਦਾਣੇ ਪਏ ਹੋਏ ਵੇਖੇ ਹੋਣੇ ਨੇ ਤੁਸਾਂ। ਉਹ ਜ਼ਮੀਨ ਤੋਂ ਹੀ ਆਏ ਨੇ। ਮੈਂ ਆਪ ਉਂਜ ਦਿੱਲੀ ਦੀ ਆਂ।"

"ਹਾਂ, ਕੁਝ ਲਗਦਾ ਸੀ ਪਈ ਤੁਸੀਂ ਇਥੋਂ ਦੇ ਨਹੀਂ।" ਮੇਰੇ ਮਿੱਤਰ ਨੇ ਉਹਦੇ ਮੁਹਾਂਦਰੇ ਬਾਰੇ ਗੱਲ ਕਰਨ ਦਾ ਹੌਂਸਲਾ ਕਰਦੇ ਹੋਏ ਕਿਹਾ। ਫਿਰ ਕੁਝ ਅਝੱਕ ਕੇ ਉਸ ਪੁੱਛਿਆ, "ਇਥੇ ਗਵਾਂਢ ਕਿਸ ਤਰ੍ਹਾਂ ਦਾ ਏ ?"

"ਗਵਾਂਢ ਤੇ ਤੁਹਾਡੇ ਸਾਹਮਣੇ ਖਲੋਤਾ ਏ।" ਕਹਿ ਕੇ ਮਾਲਕਣ ਹੱਸ ਪਈ। ਅਸੀਂ ਵੀ ਦੋਵੇਂ ਜ਼ੋਰ ਦੀ ਹੱਸੇ।

ਫਿਰ ਮੇਰੇ ਮਿੱਤਰ ਨੇ ਸੰਭਲ ਕੇ ਕਿਹਾ, 'ਨਹੀਂ, ਮੇਰਾ ਮਤਲਬ ਸੀ, ਦੂਜੇ।"

"ਉਹ ਵੀ ਚੰਗੇ ਨੇ।"

"ਅੱਛਾ ਕਿਰਾਇਆ ਕਿੰਨਾ ਦੱਸਾਂ ਆਪਣੀ ਵਹੁਟੀ ਨੂੰ ? ਫੈਸਲਾ ਤਾਂ ਉਸ ਨੇ ਹੀ ਕਰਨਾ ਏ। ਅਸਾਂ ਤੇ ਜਾ ਕੇ ਦੱਸ ਈ ਦੇਣਾ ਏ।" ਮੇਰੇ ਮਿੱਤਰ ਨੇ ਆਪਣੇ ਆਪ ਨੂੰ ਨਾਂਹ ਕਰਨ ਦੀ ਜ਼ਿਮੇਵਾਰੀ ਤੋਂ ਬਚਾਂਦੇ ਹੋਏ ਕਿਹਾ।

ਮਾਲਕਣ ਨੇ ਕਿਰਾਇਆ ਦੱਸਿਆ। ਸੱਚੀਂ-ਮੁਚੀਂ ਬਹੁਤ ਜ਼ਿਆਦਾ ਸੀ। ਪਰ ਮੇਰੇ ਮਿੱਤਰ ਨੇ ਇਹ ਪਤਾ ਨਾ ਲਗਣ ਦਿੱਤਾ ਕਿ ਉਹ ਇਸ ਨੂੰ ਜ਼ਿਆਦਾ ਸਮਝਦਾ ਹੈ।

"ਚੰਗਾ ਮੈਂ ਉਸ ਨਾਲ ਸਲਾਹ ਕਰਕੇ ਕੱਲ੍ਹ ਤੁਹਾਨੂੰ ਦੱਸਾਂਗਾ।" ਉਸ ਨੇ ਟੁਰਨ ਲਈ ਮਨ ਬਣਾਉਂਦੇ ਹੋਏ ਕਿਹਾ।

"ਚੰਗਾ ਜੀ।" ਪਰ ਸਾਡੇ ਟੁਰਨ ਤੋਂ ਪਹਿਲਾਂ ਮਾਲਕਣ ਨੇ ਪੁੱਛਿਆ "ਉਹ ਵੀ ਨੌਕਰੀ ਕਰਦੇ ਨੇ ਕਿ ਮੇਰੇ ਵਾਂਗ ਘਰੇ ਈ ਰਹਿੰਦੇ ਨੇ

"ਤੁਹਾਡੇ ਵਾਂਗ ਈ।" ਮੇਰੇ ਮਿੱਤਰ ਨੇ ਉਹਦੇ ਘਰੇ ਰਹਿਣ ਨੂੰ ਰੀਸ ਯੋਗ ਬਣਾਂਦੇ ਹੋਏ ਕਿਹਾ।

"ਬੱਚੇ ਕਿੰਨੇ ਨੇ ਤੁਹਾਡੇ ?" ਉਹ ਬੱਚਿਆਂ ਲਈ ਵੀ ਸਾਥ ਮੰਗਦੀ ਸੀ।

"ਦੋ, ਇਕ ਤਿੰਨ ਸਾਲ ਦਾ ਤੇ ਇਕ ਸਾਲ ਕੁ ਦਾ।"

ਉਮਰਾਂ ਵੀ ਠੀਕ ਬੈਠੀਆਂ ਸਨ। ਉਸ ਦੀ ਮੇਰੇ ਮਿੱਤਰ ਨੂੰ ਕਿਰਾਏਦਾਰ ਬਣਾਉਣ ਦੀ ਇੱਛਾ ਹੋਰ ਵਧ ਗਈ ਸੀ।

"ਤੁਹਾਡਾ ਦਫਤਰ ਕਿੱਥੇ ਵੇ ? ਨੇੜੇ ਈ ਏ ?" ਇਥੋਂ ਜੇ ਦਫਤਰ ਦੂਰ ਹੋਇਆ ਤਾਂ ਸ਼ਾਇਦ ਇਹ ਮਕਾਨ ਨਾ ਲੈਣ।

"ਹਾਂ ਨੇੜੇ ਹੀ ਏ। ਬੱਸ ਅੱਧਾ ਕੁ ਮੀਲ।"

"ਕੰਮ ਕੀ ਕਰਦੇ ਓ ਤੁਸੀਂ ?" ਇਹੋ ਜਿਹੇ ਬੰਦੇ ਭਲਾ ਕਿਸ ਤਰ੍ਹਾਂ ਦੀਆਂ ਨੌਕਰੀਆਂ ਕਰਦੇ ਨੇ !

"ਮੈਂ ਫੈਕਟਰੀ ਇੰਸਪੈਕਟਰ ਆਂ। ਕਾਰਖਾਨੇ ਵੇਖਣਾ ਵਾਂ।"

ਉਹਨੂੰ ਇਹ ਕਾਫੀ ਰੋਅਬ ਵਾਲਾ ਕੰਮ ਲੱਗਾ।

"ਚੰਗਾ ਤੁਸੀਂ ਕੱਲ੍ਹ ਫਿਰ ਮੈਨੂੰ ਦੱਸ ਜਾਣਾ, ਉਨ੍ਹਾਂ ਨਾਲ ਸਲਾਹ ਕਰ ਕੇ।" ਉਸ ਨੇ ਕਿਹਾ ਤੇ ਅਸੀਂ ਨਮਸਕਾਰ ਕਰ ਕੇ ਬਾਹਰ ਨਿਕਲ ਆਏ।

ਜਾਂਦੀ ਵਾਰੀ ਮੈਂ ਚੁੱਪ ਚੁੱਪ ਸਾਂ। ਇਸ ਮਿਲਣੀ ਦਾ ਮੇਰੇ ਉਤੇ ਬਹੁਤ ਅਸਰ ਹੋਇਆ ਸੀ ਤੇ ਉਸ ਅਸਰ ਨੂੰ ਪਚਾ ਰਿਹਾ ਸਾਂ। ਇਹੋ ਜਿਹੇ ਅਸਰ ਪਚਾਣ ਵਿਚ ਮੈਨੂੰ ਕਈ ਵਾਰੀ ਦੋ ਦੋ, ਤਿੰਨ ਤਿੰਨ ਦਿਨ ਲਗ ਜਾਂਦੇ ਹਨ

"ਤੁਸੀਂ ਚੁੱਪ ਚੁੱਪ ਕਿਉਂ ਓ ਪ੍ਰੋਫੈਸਰ ਸਾਹਿਬ" ਮੇਰੇ ਮਿੱਤਰ ਨੇ ਪੁੱਛਿਆ।

ਮੈਂ ਚੁੱਪ ਕਿਉਂ ਸਾਂ ? ਸ਼ਾਇਦ ਮੈਨੂੰ ਆਪਣੇ ਵੀਹ ਸਾਲ ਪਹਿਲਾਂ ਜੰਮੇ ਹੋਣ ਉਤੇ ਅਫਸੋਸ ਹੋ ਰਿਹਾ ਸੀ। ਮੈਂ ਆਪਣੇ ਮਿੱਤਰ ਨੂੰ ਕਿਹਾ, "ਜਦੋਂ ਅਸੀਂ ਤੇਰੇ ਜਿੱਡੇ ਹੁੰਦੇ ਸਾਂ ਤਾਂ ਕਿਸੇ ਓਪਰੀ ਜ਼ਨਾਨੀ ਨਾਲ ਏਨੀਆਂ ਗੱਲਾਂ ਕਰਨ ਲਈ ਸਾਨੂੰ ਲਾਹੌਰ ਹੀਰਾ ਮੰਡੀ ਜਾਣਾ ਪੈਂਦਾ ਸੀ

# ਕੁਲਵੰਤ ਸਿੰਘ ਵਿਰਕ

**ਗੁਰਦਿਆਲ ਸਿੰਘ**

ਦੋ ਕੁ ਸਾਲ ਹੋਏ ਅਚਾਨਕ ਹੀ ਇਕ ਦਿਨ, ਚੰਡੀਗੜ੍ਹ ਜੋਗਾ ਸਿੰਘ ਦੇ ਘਰ ਮਿਲ ਪਏ। ਉਦੋਂ ਵਿਰਕ ਤੇ ਉਹਦੀ ਪਤਨੀ ਚੰਡੀਗੜ੍ਹ ਜਾਂ ਮੁਹਾਲੀ ਮਕਾਨ ਖਰੀਦਣ ਦੀਆਂ ਸਲਾਹਾਂ ਕਰ ਰਹੇ ਸਨ। ਉਹਦੀ ਪਤਨੀ ਨੂੰ ਜੋਗਾ ਸਿੰਘ ਦੀ ਪਤਨੀ ਤੇਜਿੰਦਰ ਕੁਝ ਵਿਕਾਊ ਮਕਾਨ ਦਿਖਾਉਣ ਲੈ ਗਈ। ਜੋਗਾ ਸਿੰਘ ਖਾਣ-ਪੀਣ ਲਈ ਕੁਝ ਲਿਆਉਣ ਵਾਸਤੇ ਮਾਰਕੀਟ ਚਲਿਆ ਗਿਆ। ਅਸੀਂ ਗੱਲੀਂ ਰੁਝ ਗਏ।

"ਇਕ ਵਾਰੀ ਤੁਸੀਂ ਨਾਵਲ ਲਿਖਣ ਬਾਰੇ ਗੱਲ ਕੀਤੀ ਸੀ। ਉਹਦਾ ਕੀ ਬਣਿਆ ?" ਮੈਂ ਪੁੱਛਿਆ।

"ਇਹ ਨਾਵਲ ਕੁਲ ਆਟੋਬਾਇਓਗ੍ਰਾਫਿਕਲ (ਸਵੈ-ਜੀਵਨ ਅਧਾਰਤ) ਜਿਹਾ ਸੋਚਿਆ ਸੀ। ਪਰ ਜਦੋਂ ਲਿਖਣ ਦਾ ਮੂਡ ਬਣਦੈ ਤਾਂ ਬਚਪਨ ਦੀ ਕੋਈ ਗੱਲ ਈ ਠੀਕ ਠੀਕ ਚੇਤੇ ਨਹੀਂ ਆਉਂਦੀ। ਜਦੋਂ ਤਕ ਚੰਗੀ ਤਰ੍ਹਾਂ ਯਾਦ ਹੀ ਨ ਆਵੇ ਕਿ ਉਦੋਂ ਲੋਕ ਕਿਵੇਂ ਰਹਿੰਦੇ, ਕਿਵੇਂ ਬੋਲਦੇ ਤੇ ਕਿਵੇਂ ਝਗੜਦੇ ਸੀ ਤਾਂ ਬੰਦਾ ਲਿਖੇ ਕੀ।"

ਇਹ ਗੱਲ ਜਿੰਨੀ ਸਾਦਗੀ ਤੇ ਮਾਸੂਮੀਅਤ ਨਾਲ ਉਹ ਕਹਿ ਰਿਹਾ ਸੀ, ਮੇਰੇ ਨਾਲ ਬੈਠੇ ਮੇਰੇ ਮਿੱਤਰ ਜਰਨੈਲ ਨੂੰ ਜਿਵੇਂ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਇਹ ਸ਼ਬਦ ਉਸ ਕਹਾਣੀਕਾਰ ਦੇ ਸਨ ਜਿਸ ਨੇ 'ਚਾਚਾ' ਵਰਗੀਆਂ ਪਹਿਲੀਆਂ ਕਹਾਣੀਆਂ ਨਾਲ ਹੀ ਚਮਤਕਾਰ ਵਰਤਾ ਦਿੱਤਾ ਸੀ।

"ਪਰ ਜੇ ਲਿਖਣ ਬਹਿ ਜਾਈਏ ਤਾਂ ਆਪੇ ਸਭ ਚੇਤੇ ਆਉਣ ਲਗ ਪੈਂਦੇ — ਜਿਵੇਂ ਹੌਲੀ ਹੌਲੀ ਸੂਰਜ ਉਚਾ ਹੋਣ ਨਾਲ ਧੁੰਦ ਪਾਟ ਜਾਂਦੀ ਐ ਨਾ — ਇਹੋ ਜਿਹਾ ਈ ਕੁਝ ਤਜਰਬਾ ਹੁੰਦੈ।" ਮੈਂ ਕਿਹਾ। "ਇਕ ਵਾਰ ਮੈਂ ਵੀ ਬਚਪਨ ਦੀਆਂ ਕੁਝ ਯਾਦਾਂ ਲਿਖਣ ਦੀ ਸਲਾਹ ਬਣਾਈ ਤਾਂ ਪਹਿਲਾਂ ਕੋਈ ਕੰਮ ਦੀ ਗੱਲ ਚੇਤੇ ਹੀ ਨਾ ਆਵੇ। ਪਰ ਜਦੋਂ ਲਿਖਣ ਬੈਠ ਗਿਆ ਤਾਂ ਬੜਾ ਕੁਝ ਅਜਿਹਾ ਚੇਤੇ ਆ ਗਿਆ ਜਿਹੜਾ ਲਿਖਣ-ਜੋਗਾ ਲਗਦਾ ਸੀ। ਇਹ ਤਾਂ ਪਤਾ ਨਹੀਂ ਕਾਰਨ ਕੀ ਐ, ਪਰ ਇਉਂ ਹੋ ਜਾਂਦੈ।"

"ਇਹ ਗੱਲ ਤਾਂ ਠੀਕ ਹੋ ਸਕਦੀ ਐ। ਪਰ ਮੇਰੀ ਸਮੱਸਿਆ ਤਾਂ ਉਨ੍ਹਾਂ ਯਾਦਾਂ ਦੇ ਆਧਾਰ ਉਤੇ ਨਾਵਲ ਲਿਖਣ ਦੀ ਐ। ਉਂ ਯਾਦਾਂ ਈ ਲਿਖਣੀਆਂ ਹੋਣ ਤਾਂ ਹੋਰ ਗੱਲ ਹੁੰਦੀ ਐ। ... ਨਾਲੇ ਹੁਣ ਪਿੰਡ ਵਾਲੀ ਬੋਲੀ ਹੀ ਚੇਤੇ ਨਹੀਂ ਆਉਂਦੀ — ਫੇਰ ਬੰਦਾ ਲਿਖੇ ਕੀ।"

ਏਡਾ ਨਿਪੁੰਨ ਸਾਹਿਤਕਾਰ ਆਪਣੀ ਅਸਮਰੱਥਾ ਸਹਿਜ — ਭਾਅ ਨਾਲ ਪ੍ਰਵਾਨ ਕਰ ਰਿਹਾ ਸੀ, ਉਹਦੇ ਅੱਗੇ ਤਾਂ ਸਿਰ ਹੀ ਝੁਕਾਇਆ ਜਾ ਸਕਦਾ ਹੈ। ਹੋਰ ਬੰਦਾ ਕੀ ਕਹੇਗਾ।

ਜਦੋਂ ਗੱਲਾਂ ਪੰਜਾਬੀ ਸਾਹਿਤਕਾਰਾਂ ਦੇ ਕੁਝ 'ਖੱਟਣ-ਕਮਾਉਣ' ਤੱਕ ਪਹੁੰਚੀਆਂ ਤਾਂ ਹੱਸ ਕੇ ਕਹਿਣ ਲੱਗਿਆ, "ਸਾਡੇ ਕਈ ਭਰਾ ਤਾਂ ਕਿਤਾਬਾਂ ਚੁੱਕ ਕੇ ਮਨਿਸਟਰਾਂ ਦੇ ਘਰਾ ਚਲੇ ਜਾਂਦੇ ਐ। ਮਨਿਸਟਰ ਅੱਗੋਂ ਸੋਚਦੈ ਬਈ ਜੇ ਭਲਾਮਾਣਸ ਗਲੇਜ਼ਡ ਟਾਇਲਾਂ ਲਿਆ ਦਿੰਦਾਂ ਤਾਂ ਗੁਸਲਖਾਨੇ 'ਚ ਈ ਲਵਾ ਲੈਂਦੇ—ਕਿਤਾਬਾਂ ਮੇਰੇ ਕਿਸ ਕੰਮ ! ... ਕਿਤਾਬਾਂ ਤੇ ਮਨਿਸਟਰਾਂ ਦਾ ਭਲਾ ਕੀ ਮੇਲ !"

ਜਦੋਂ ਨਵੇਂ ਲੇਖਕਾਂ ਦੀਆਂ ਗੱਲਾਂ ਤੁਰੀਆਂ ਤਾਂ ਆਖਣ ਲਗਾ, "ਤੁਹਾਡੇ ਇਲਾਕੇ ਦਾ ਕੋਈ ਲੇਖਕ ਐ ਕੁੱਸਾ। ਉਹਦਾ ਇਕ ਨਾਵਲ ਮੈਂ ਪੜ੍ਹਿਆ ਸੀ। ਚੰਗਾ ਲਿਖਿਐ।"

"ਕਿਹੜਾ ?"

"ਨਾਂ ਨਹੀਂ ਯਾਦ। ਮਾਰਜਨਲ ਕਿਰਸਾਣੀ ਦੀ ਸਮਸਿਐ। ਜ਼ਮੀਨ ਘੱਟਣ ਕਰਕੇ ਕਿਰਸਾਣ ਦਾ ਮੁੰਡਾ ਸੀਰੀ ਨਹੀਂ ਰਲਦਾ ਟਰੱਕ ਦਾ ਕਲੀਨਰ ਬਣਨ ਨੂੰ ਤਿਆਰ ਹੋ ਜਾਂਦੈ। ਮੈਨੂੰ ਕਿਰਸਾਣੀ ਦੀ ਇਸ ਹਾਲਤ ਬਾਰੇ ਕੋਈ ਪਤਾ ਨਹੀਂ।"

* * *

ਵਿਰਕ ਨੂੰ ਮਿਲਣ ਦੇ ਬਹੁਤੇ ਅਵਸਰ ਨਹੀਂ ਮਿਲ ਸਕੇ। ਪਰ ਜਦੋਂ ਵੀ ਵਾਹ ਪਿਆ ਹੈ ਉਹਦੇ ਖਲੂਸ ਤੇ ਸੁਹਿਰਦਤਾ ਦਾ ਅਹਿਸਾਸ ਸਾਫ ਸ਼ਫਾਫ ਵਹਿੰਦੇ ਝਰਨੇ ਵਾਂਗ ਹੋਇਆ ਹੈ।

ਇਕ ਵਾਰ ਸਕੂਲ ਬੋਰਡ ਦੀ ਇਕ ਕਿਤਾਬ ਸੰਪਾਦਿਤ ਕਰਨ ਲੱਗਾ ਤਾਂ ਵਿਰਕ ਦੀ ਕਹਾਣੀ 'ਦਾਤੇ' ਸ਼ਾਮਲ ਕਰ ਲਈ। ਪਰ ਪੁਸਤਕ ਦੇ ਪਾਠਾਂ ਦੀ ਲੰਬਾਈ ਦੇ ਨੇਮ ਨੂੰ ਭੰਗ ਨਹੀਂ ਸੀ ਕੀਤਾ ਜਾ ਸਕਦਾ। ਕਹਾਣੀ ਕਾਂਟ-ਛਾਂਟ ਕਰਕੇ ਪੰਜ ਛੇ ਸਫੇ ਦੀ ਕਰਨੀ ਪਈ ਤਾਂ ਮੈਂ ਘਬਰਾ ਗਿਆ। ਵਿਰਕ ਨੂੰ ਚਿੱਠੀ ਲਿਖੀ ਤਾਂ ਜਵਾਬ ਆਇਆ, 'ਤੇਰੇ ਹੱਥੋਂ ਕਹਾਣੀ ਦਾ ਕੁਝ ਨਹੀਂ ਵਿਗੜਨ ਲੱਗਾ ਜਿਵੇਂ ਮਰਜ਼ੀ ਕੱਟ-ਵੱਢ ਕਰ ਛੱਡ, ਕੋਈ ਫਰਕ ਨਹੀਂ ਪੈਂਦਾ।"

ਪਰ ਜਿਸ ਲੇਖਕ ਦੀ ਕਹਾਣੀ ਵਿਚ ਕਈ ਵਾਰ ਇਕ ਸ਼ਬਦ ਵੀ ਫਾਲਤੂ ਨਹੀਂ ਲੱਭਦਾ, ਉਸ ਦੀ ਕਹਾਣੀ ਦੀ ਕਾਂਟੀ-ਛਾਂਟੀ ਕੋਈ ਕੀ ਕਰੇਗਾ। ਕੰਬਦੇ ਹੱਥਾਂ ਨਾਲ ਜੋ ਵਾਕ, ਪਹਿਰੇ ਕੱਟ ਸਕਿਆ, ਕੱਟ—ਕਟਾ ਕੇ ਕਹਾਣੀ ਟਾਈਪ ਕਰਵਾ ਕੇ ਭੇਜ ਦਿੱਤੀ। ਨਾਲ ਚਿੱਠੀ ਲਿਖੀ ਕਿ, "ਮਜਬੂਰੀ ਕਾਰਨ—ਵੱਢ ਤਾਂ ਕੀਤੀ ਹੀ ਹੈ, ਤੁਸੀਂ ਕਹਾਣੀ ਵਿਚ ਜੋ ਪੁਰਾਣੇ ਸਿੱਕੇ-ਆਨੇ, ਪੈਸੇ ਲਿਖੇ ਸਨ, ਉਨ੍ਹਾਂ ਬਾਰੇ ਸਕੂਲੀ ਬੱਚਿਆਂ ਨੂੰ ਹੁਣ ਕੁਝ ਪਤਾ ਨਹੀਂ ਹੈ ਇਸ ਲਈ ਮੈਂ ਹੁਣ ਨਵੇਂ ਪੈਸਿਆਂ ਵਿਚ ਬਦਲ ਕੇ ਲਿਖ ਦਿੱਤੇ ਹਨ। ਦੱਸਣਾ, ਸਭ ਠੀਕ ਹੈ।' ਕੁਝ ਦਿਨ ਪਿਛੋਂ ਖਤ ਆਇਆ। ਸਿਰਫ ਏਨਾ ਲਿਖਿਆ ਸੀ, "ਬਹੁਤ ਠੀਕ ਕੀਤਾ।"

ਮੈਂ ਖਤ ਮੱਥੇ ਨੂੰ ਲਾ ਲਿਆ। ਮਨ ਤੋਂ ਮਣਾਂ-ਮੂੰਹੀਂ ਬੋਝ ਲਹਿ ਗਿਆ ਸੀ।

ਫੇਰ ਕੋਈ ਅੱਠ ਕੁ ਵਰ੍ਹੇ ਪਹਿਲਾਂ ਮੇਰੀ ਇਕ ਕਹਾਣੀ ਕਿਸੇ ਰਸਾਲੇ ਵਿਚ ਪੜ੍ਹ ਕੇ ਪਤਾ ਨਹੀਂ ਉਹ ਕਿੰਨਾ ਪ੍ਰਭਾਵਿਤ ਹੋਇਆ ਕਿ ਚਿੱਠੀ ਆਈ। ਲਿਖਿਆ ਸੀ, "ਕੱਲ ਮੈਂ ਇਕ ਸਮਾਗਮ ਦੀ ਪ੍ਰਧਾਨਗੀ ਕਰਨ ਰੋਪੜ ਜਾਣਾ ਸੀ। ਸੋਚ ਰਿਹਾ ਸੀ ਕਿ ਉਥੇ ਕਹਾਂਗਾ — ਹੁਣ ਪੰਜਾਬੀ ਵਿਚ ਬਹੁਤ ਚੰਗੀ ਕਹਾਣੀ ਨਹੀਂ ਲਿਖੀ ਜਾ ਰਹੀ। ਪਰ ਇਹ ਕਹਾਣੀ ਪੜ੍ਹਨ ਮਗਰੋਂ ਫੈਸਲਾ ਬਦਲ ਲਿਆ। ਇਹ ਗੱਲ ਮੈਂ ਉਥੇ ਨਹੀਂ ਕਹਿ ਸਕਿਆ।"

ਮੇਰੇ ਲਈ ਇਹ ਹੁਣ ਤੱਕ ਦਾ ਸਭ ਤੋਂ ਉਤਮ ਪੁਰਸਕਾਰ ਸੀ; ਕਿਉਂਕਿ ਪੰਜਾਬੀ ਵਿਚ ਜੇ ਕਿਸੇ ਕਹਾਣੀਕਾਰ ਲਈ 'ਮਹਾਨ' ਸ਼ਬਦ ਵਰਤਿਆ ਜਾ ਸਕਦਾ ਹੈ ਤਾਂ ਉਹ ਵਿਰਕ ਹੀ ਹੈ। ਤੇ ਅਜਿਹੇ ਕਹਾਣੀ-ਲੇਖਕ ਦੇ ਇਨ੍ਹਾਂ ਸ਼ਬਦਾਂ ਤੋਂ ਵੱਡਾ ਕਿਹੜਾ ਪੁਰਸਕਾਰ ਕਿਸੇ ਲਈ ਹੋ ਸਕਦਾ ਹੈ ?

* * *

ਜੋਗਾ ਸਿੰਘ ਵੀ ਆ ਗਿਆ ਸੀ। ਵਿਰਕ ਦੀ ਪਤਨੀ ਤੇ ਤੇਜਿੰਦਰ ਵੀ ਵਾਪਸ ਪਰਤ ਆਈਆਂ ਸਨ। ਉਹ ਉਨ੍ਹਾਂ ਵਿਕਾਊ ਕੋਠੀਆਂ ਦੀਆਂ ਗੱਲਾਂ ਦੱਸ ਰਹੀਆਂ ਸਨ ਜਿਹੜੀਆਂ ਉਨ੍ਹਾਂ ਨੇ ਦੇਖੀਆਂ ਸਨ। ਨਿੱਕੀਆਂ, ਤੇਜ਼ ਅੱਖਾਂ ਉਨ੍ਹਾਂ ਵੱਲ ਲਾਈ, ਗੱਲਾਂ ਸੁਣਨ ਮਗਰੋਂ ਵਿਰਕ ਨੇ ਮੁਸਕਰਾ ਕੇ ਕਿਹਾ, "ਮੈਂ ਇਹਨੂੰ ਬਹੁਤ ਆਖਿਐ ਬਈ ਛੱਡ ਕੋਠੀ-ਕਾਠੀ ਨੂੰ ਜਿੱਥੇ ਸਾਰੀ ਕਿਰਾਇਆਂ ਤੇ ਨਿਕਲ ਗਈ ਹੁਣ ਥੋੜ੍ਹੀ ਪਿੱਛੇ ਕੀ ਝੰਜਟ ਕਰਨੈ — ਮੇਰੇ ਤਿੰਨ ਕੁ ਸਾਲ ਰਹਿੰਦੇ ਐ, ਇਹਦੇ ਸੱਤ-ਅੱਠ ਹੋਣਗੇ।"

"ਇਹ ਕੀ ਹਿਸਾਬ ਹੋਇਆ।" ਜੋਗੇ ਨੇ ਹੱਸ ਕੇ ਪੁੱਛਿਆ।

"ਹਿਸਾਬ ਕੀ ਹੋਣੈ" ਵਿਰਕ ਨੇ ਸਹਿਜ-ਸੁਭਾ ਕਿਹਾ, "ਮੈਂ ਦਿਲ ਦੀ ਬੀਮਾਰੀ ਦਾ ਮਰੀਜ਼ ਆਂ, ਇਹ ਡਾਇਬਟਿਕ ਐ। ਹੋਰ ਹੁਣ ਅਸੀਂ ਕਿੰਨਾ ਕੁ ਚਿਰ ਕਟਣੈ।"

... ਤੇ ਅੱਜ ਭਰੇ ਮਨ ਨਾਲ ਸੋਚ ਰਿਹਾ ਹਾਂ ਕਿ ਇਹ ਉਹਦੀ ਭਵਿਖ-ਬਾਣੀ ਤਾਂ ਨਹੀਂ ਸੀ ? ਕਿ ਉਹ ਆਪਣੀ ਕਹਾਣੀ ਵਰਗੀ ਸਹਿਜ-ਸੁਭਾਵਿਕਤਾ ਨਾਲ ਆਖੀ ਗੱਲ ਸੀ ਜਿਸ ਵਿਚ ਉਚੇਚ ਦਾ ਅਹਿਸਾਸ ਤਕ ਨਹੀਂ ਹੁੰਦਾ ਪਰ ਹਰ ਵਾਕ, ਸ਼ਬਦ ਵੀ ਨਾਪ-ਤੋਲ ਕੇ ਵਰਤਿਆ ਹੁੰਦਾ ਹੈ ?


**NORTH AMERICAN LIFE ASSURANCE COMPANY**

NORTH AMERICAN LIFE



- Life Insurance
- Mortgage Insurance
- Children's educational Plans
- R R S P

**Malkiat Mutti**
representative
320, 815 West Hastings St.
Vancouver, B.C. V6C 2W1

**Bus. 685-9335**
**Res. 522-7167**

—ਅਮਰਜੀਤ ਚੰਦਨ—

# ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਯੁਗੰਤਰ ਆਸ਼ਰਮ ਸਾਨ ਫ੍ਰਿਸਕੋ 'ਚ ਪਿਆ ਲਕੜ ਦਾ ਹੱਥ



ਬਾਬਾ
ਮੈਂ ਆਪਣਾ ਹੱਥ ਤੇਰੇ ਹੱਥ ਨਾਲ ਕਿਵੇਂ ਮਿਲਾਵਾਂ
ਮੈਨੂੰ ਅੱਖਾਂ ਨਾਲ ਆਪਣਾ ਹੱਥ ਚੁੰਮਣ ਦੇ
ਤੇਰਾ ਹੱਥ ਸ਼ੀਸ਼ੇ 'ਚ ਮੜ੍ਹਿਆ
ਹਜ਼ਾਰਾਂ ਮੀਲ ਦੂਰ
ਸਮੁੰਦਰਾਂ ਪਾਰ
5 ਵੁਡ ਸਟਰੀਟ ਸਾਨ ਫ੍ਰਿਸਕੋ 'ਚ
ਉਸ ਮੁਲਕ ਦੇ ਸਾਹਿਲ 'ਤੇ ਪਿਆ ਹੈ
ਜਿਥੇ ਆਜ਼ਾਦੀ ਦੀ ਦੇਵੀ ਦਾ ਹੱਥ
ਤੇਰੇ ਵਾਂਙ
ਆਕਾਸ਼ ਨੂੰ
ਆਜ਼ਾਦੀ ਨੂੰ
ਸੂਰਜ ਨੂੰ
ਪੰਜ ਤੱਤਾਂ ਨੂੰ ਮੁਖਾਤਬ ਹੈ



ਵਰ੍ਹਿਆਂ ਪਹਿਲਾਂ
ਜਿਵੇਂ ਤੂੰ ਆਪਣੇ ਹੱਥ ਨੂੰ ਅਲਵਿਦਾ ਆਖੀ ਸੀ
ਇਸ ਹੱਥ ਨੇ ਵੀ 1964 'ਚ ਤੈਨੂੰ ਅਲਵਿਦਾ ਆਖੀ
ਜਿਵੇਂ ਕੋਈ ਫੁੱਲ ਇਕ ਦਿਨ ਆਪਣੀਆਂ ਜੜ੍ਹਾਂ ਤੋਂ ਆਪਣੇ ਆਪ
ਨਾਲੋਂ.ਜੁਦਾ ਹੋ ਜਾਂਦਾ ਹੈ

ਇਹਦੀਆਂ ਹਮੇਸ਼ਾ ਖੁਲ੍ਹੀਆਂ ਰਹਿੰਦੀਆਂ ਉਂਗਲਾਂ ਚੋਂ
ਕੋਈ ਫੁਲ ਡਿਗ ਪਿਆ ਸੀ
ਕੋਈ ਪਲ ਖੁੰਝ ਗਿਆ ਸੀ ।

ਇਹ ਹੱਥ ਹਾਲੇ ਵੀ ਉਸ ਡਿੱਗੇ ਹੋਏ ਫੁੱਲ ਨੂੰ
ਉਸ ਖੁੰਝੇ ਹੋਏ ਪਲ ਨੂੰ ਪਕੜਨ ਲਈ ਖੁਲ੍ਹਾ ਹੋਇਆ ਹੈ
ਇਹ ਹੱਥ ਓਦੋਂ ਤਕ ਖੁਲ੍ਹਾ ਰਹਿਣਾ ਹੈ
ਜਦ ਤਕ ਵਕਤ ਫੁਲ ਬਣ ਕੇ ਖਿੜਦਾ ਰਹੇਗਾ
ਜਦ ਤਕ ਵਕਤ ਫੁਲ ਵਾਂਙ ਝੜਦਾ ਰਹੇਗਾ
ਜਦ ਤਕ ਵਕਤ ਸੁਗੰਧ ਬਣ ਕੇ ਤਿੰਨ ਲੋਕ 'ਚ ਸਮਾਉਂਦਾ ਰਹੇਗਾ

ਇਹ ਬਾਂਹ ਸਚਮੁਚ ਤੇਰੀ ਸੱਜੀ ਬਾਂਹ ਸੀ
ਇਹ ਸਚਮੁੱਚ ਸਾਡੀ ਸੱਜੀ ਬਾਂਹ ਸੀ
ਇਹ ਲੋਕਾਂ ਦੀ ਸੱਜੀ ਬਾਂਹ ਸੀ
ਇਹ ਸਾਡੇ ਇਤਿਹਾਸ ਦੀ ਸੱਜੀ ਬਾਂਹ ਹੈ

ਜਦ ਇਨਸਾਨ ਨਿਹੱਥਾ ਹੋਵੇ ਤਾਂ
ਕੋਈ ਤਲਵਾਰ
ਕੋਈ ਬੰਦੂਕ
ਕੋਈ ਕਲਮ
ਇਨਸਾਨ ਦਾ ਹੱਥ ਬਣ ਜਾਂਦੀ ਹੈ
ਵਧੀ ਹੋਈ ਭੁਜਾ
ਤੇਰੀ ਇਹ ਬਾਂਹ ਤੇਰਾ ਇਹ ਹੱਥ
ਤੇਰਾ ਹਥਿਆਰ ਸੀ
ਮੌਤ ਨੂੰ ਮਾਰਨ ਦਾ ਹਥਿਆਰ
ਪਿਆਰ ਦਾ ਦੋਸਤੀ ਦਾ ਵਧਿਆ ਹੋਇਆ ਹੱਥ
ਜਿਵੇਂ ਧੁੱਪ ਛਾਂ ਵਲ ਵਧਦੀ ਹੈ
ਜਿਵੇਂ ਪਾਣੀ ਮਿੱਟੀ ਵਲ ਵਧਦਾ ਹੈ
ਜਿਵੇਂ ਹੱਥ ਸਿਰ ਵਲ ਵਧਦਾ ਹੈ
!

ਬਾਬਾ
ਤੂੰ ਸਾਡੇ ਸਿਰ 'ਤੇ ਹੱਥ ਰਖ
ਤੇ ਸਾਨੂੰ ਉਂਗਲ ਲਾ ਕੇ ਤਾਰੀਖ਼ ਦੇ ਰਸਤੇ 'ਤੇ ਪਾ ਦੇ

ਬਾਬਾ
ਕਦੇ ਤੇਰੇ ਖੱਬੇ ਹੱਥ ਨੇ ਦਸਤਾਨੇ ਬਗ਼ੈਰ
ਆਪਣੇ ਇਸ ਸੱਜੇ ਹੱਥ ਨਾਲ ਗੱਲਾਂ ਕੀਤੀਆਂ ਸਨ ?
ਜਿਵੇਂ ਜੌੜੇ ਭਰਾ ਆਪਸ 'ਚ ਗੱਲਾਂ ਕਰਦੇ ਹਨ
ਜਿਵੇਂ ਦੋ ਕਾਮਰੇਡ ਗੱਲਾਂ ਕਰਦੇ ਹਨ
ਜਿਵੇਂ ਹੰਸਾਂ ਦੀ ਜੋੜੀ ਗੱਲਾਂ ਕਰਦੀ ਹੈ

ਬਾਬਾ
ਕਦੇ ਤੇਰੇ ਖੱਬੇ ਹੱਥ ਨੇ
ਇਸ ਹੱਥ ਨੂੰ ਲਡਿਆਇਆ ਸੀ
ਜਿਵੇਂ ਪਿਉ ਤੇ ਪੁਤ ਲਾਡ ਕਰਦੇ ਹਨ
ਜਿਵੇਂ ਬੱਚਾ ਰੂੰ ਦੇ ਖਰਗੋਸ਼ ਨਾਲ ਖੇਡਦਾ ਹੈ
ਜਿਵੇਂ ਦੁੱਧ ਚੁੰਘਾਉਂਦੀ ਮਾਂ ਬੱਚੇ ਦੇ ਸਿਰ 'ਤੇ ਹੱਥ ਫੇਰਦੀ ਹੈ

ਬਾਬਾ
ਤੇਰਾ ਇਹ ਹੱਥ ਤੈਨੂੰ ਯਾਦ ਕਰ-ਕਰ ਝੁਰਦਾ ਹੈ
ਜਿਵੇਂ ਕਦੇ-ਕਦੇ ਤੂੰ
ਆਪਣੇ ਹੱਥ ਨੂੰ ਯਾਦ ਕਰ-ਕਰ ਝੁਰਦਾ ਹੋਵੇਂਗਾ

ਬਾਬਾ
ਯਕਜਹਤੀ ਦੇ ਬੰਬ ਨਾਲ ਅਸੀਂ
ਸਾਮਰਾਜ ਨੂੰ ਮਾਰਨਾ ਸੀ
ਪਰ ਇਹ ਬੰਬ ਸਾਡੇ ਹੱਥਾਂ 'ਚ ਹੀ ਚਲ ਗਿਆ ਸੰਨ 47 ਵਿਚ
ਸਾਡੀ ਸੱਜੀ ਬਾਂਹ ਉਡ ਗਈ

ਜਿਨ੍ਹਾਂ ਪੰਜਾਂ ਉਂਗਲਾਂ ਨੇ ਸਮ੍ਹਾਏ ਦਾ ਪਹਾੜ ਰੋਕਣਾ ਸੀ
ਉਹ ਹੱਥ ਉਡ ਗਿਆ
ਉਂਗਲਾਂ ਜੁਦਾ ਹੋ ਗਈਆਂ
ਜਿਵੇਂ ਲਹੂ ਮਾਸ ਨਾਲੋਂ ਜੁਦਾ ਹੁੰਦਾ ਹੈ
ਜਿਵੇਂ ਰੂਹ ਜਿਸਮ ਨਾਲੋਂ ਜੁਦੀ ਹੁੰਦੀ ਹੈ

ਬਾਬਾ
ਸਾਨੂੰ ਤਾਂ ਹੁਣ ਦੂਜੇ ਹੱਥ ਦਾ ਫ਼ਿਕਰ ਹੈ
ਜੱਲਾਦ ਸਾਡੀ ਦੂਜੀ ਬਾਂਹ ਵੀ ਵਢਣੀ ਚਾਹੁੰਦੇ ਨੇ
ਇਹ ਜੱਲਾਦ ਸਾਡੇ ਰਹਿੰਦੇ ਅੰਗ ਕਟ ਕੇ
ਸਾਨੂੰ ਗੁਲਾਮੀ ਦੇ ਖੂਹ 'ਚ ਸੁੱਟਣਾ ਚਾਹੁੰਦੇ ਨੇ

ਇਨ੍ਹਾਂ ਦੇ ਲਹੂ ਦਾ ਰੰਗ ਪੀਲਾ ਹੋ ਗਿਆ ਹੈ
ਇਨ੍ਹਾਂ ਦੀਆਂ ਅੱਖਾਂ 'ਚ ਯਰਕਾਨ ਉਤਰ ਆਇਆ ਹੈ

ਅੱਜ ਮੌਤ ਘੱਟੇ ਰੰਗ ਦਾ ਲਿਬਾਸ ਪਹਿਨੀ
ਸਾਡੇ ਵਿਹੜੇ 'ਚ ਗਤਕਾ ਖੇਡ ਰਹੀ ਹੈ
ਤੇ ਇਹ ਪੀਲੀਆਂ ਅੱਖਾਂ ਤੇ ਪੀਲੇ ਦੰਦਾਂ ਵਾਲੇ ਦਰਿੰਦੇ
ਹਿੜ-ਹਿੜ ਹੱਸੀ ਜਾਂਦੇ ਹਨ

ਬਾਬਾ
ਅੱਜ ਸਾਨੂੰ ਤੇਰੀ ਬਾਂਹ ਲੋੜੀਦੀ ਹੈ
ਸਾਨੂੰ ਅੱਜ ਆਪਣੀਆਂ ਬਾਹਵਾਂ ਲੋੜੀਦੀਆਂ ਨੇ
ਅਸੀਂ ਤੇਰੀ ਇਹ ਬਾਂਹ ਮੁੜ ਪਕੜਨੀ ਚਾਹੁੰਦੇ ਹਾਂ
ਤੋੜ ਤਕ ਨਿਭਾਉਣ ਲਈ

ਅਸੀਂ ਤੇਰੀ ਇਹ ਬਾਂਹ

ਹਵਾ 'ਚ ਝੰਡੇ ਵਾਂਙ ਲਹਿਰਾਉਣਾ ਚਾਹੁੰਦੇ ਹਾਂ
ਖੜਗ ਵਾਂਙ ਵਾਹੁਣਾ ਚਾਹੁੰਦੇ ਹਾਂ
ਨਾਅਰੇ ਵਾਂਙ ਬੁਲੰਦ ਕਰਨੀ ਚਾਹੁੰਦੇ ਹਾਂ

ਅਸੀਂ ਤੇਰੀ ਬਾਂਹ ਡਿਗਣ ਨਹੀਂ ਦਿਆਂਗੇ
ਅਸੀਂ ਤੇਰੀ ਬਾਂਹ ਨਾਲ ਬੁਰੇ ਦੇ ਘਰ ਤਕ ਜਾਵਾਂਗੇ
ਅਸੀਂ ਤੇਰੀ ਬਾਂਹ ਨਾਲ ਮੌਤ ਦਾ ਕਾਲਜਾ ਚੀਰ ਸੁਟਾਂਗੇ
ਜੋ ਸਾਡੇ ਵਿਹੜੇ 'ਚ ਅੱਜ ਗਤਕਾ ਖੇਡ ਰਹੀ ਹੈ

12 ਜਨਵਰੀ, 1988
ਮੈਕਫਾਰਲੈਂਡ, ਕੈਲੇਫੋਰਨੀਆ

ਅਮਰਜੀਤ ਚੰਦਨ



# ਸਮੱਸਿਆਵਾਂ 'ਚ ਘਿਰਿਆ ਭਾਰਤ

—ਪੂਰਨ ਸਿੰਘ ਢੁੱਲ—







ਅੱਜ ਭਾਰਤ ਨੂੰ ਬਹੁਤ ਹੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਾਰਾ ਕੁਝ ਚਾਣਚੱਕ ਹੀ ਅਸਮਾਨੀ ਬਿਜਲੀ ਵਾਂਗ ਸਾਡੇ ਮੁਲਕ ਸਿਰ ਨਹੀਂ ਆਣ ਪਿਆ ਸਗੋਂ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਦਾ ਲਾਜ਼ਮੀ ਸਿੱਟਾ ਹੈ ਜਿਹਦੇ 'ਤੇ ਉਹ ਪਿਛਲੇ ਚਾਲੀ ਸਾਲਾਂ ਤੋਂ ਚਲਦੀ ਆ ਰਹੀ ਹੈ। ਇਨ੍ਹਾਂ ਨੀਤੀਆਂ ਨੇ ਲੋਕਾਂ ਦੀਆਂ ਸਮੱਸਿਆਵਾਂ 'ਚ ਲੋਹੜੇ ਦਾ ਵਾਧਾ ਕੀਤਾ ਹੈ। ਇਹੋ ਸਮੱਸਿਆਵਾਂ ਸਾਡੇ ਮੁਲਕ ਦੇ ਸਾਹਮਣੇ ਅੱਜ ਚੁਣੌਤੀ ਬਣੀਆਂ ਖੜ੍ਹੀਆਂ ਹਨ। ਸਰਕਾਰ ਨੇ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਜਦ ਵੀ ਹੱਥ ਪਾਇਆ, ਗਲਤ ਨੀਤੀਆਂ ਹੋਣ ਕਰਕੇ ਇਹ ਹੱਲ ਹੋਣ ਦੀ ਬਜਾਏ ਵਧਦੀਆਂ ਗਈਆਂ ਹਨ। ਚਾਲੀ ਸਾਲਾਂ ਦੇ ਲੰਬੇ ਅਰਸੇ ਬਾਅਦ ਇਹ ਸਮੱਸਿਆਵਾਂ ਘਟਣ ਦੀ ਬਜਾਏ ਵਧ ਰਹੀਆਂ ਹਨ। ਇਸ ਤੋਂ ਸਪਸ਼ਟ ਹੈ ਕਿ ਸਰਕਾਰ ਦੀਆਂ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਅਪਣਾਈਆਂ ਨੀਤੀਆਂ 'ਚ ਕੋਈ ਗੰਭੀਰ ਨੁਕਸ ਹੈ।

ਅੱਜ ਸਮੁੱਚਾ ਮੁਲਕ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਸਾਡੇ ਦੇਸ਼ ਸਿਰ ਲੋਹੜੇ ਦਾ ਕਰਜ਼ਾ ਹੈ ਜਿਹੜਾ ਹਰ ਸਾਲ ਲਗਾਤਾਰ ਵਧ ਰਿਹਾ ਹੈ। ਇਕ ਰਿਪੋਰਟ ਮੁਤਾਬਕ 1968-69 'ਚ ਸਾਡੇ ਦੇਸ਼ ਵਿਚ ਕੁੱਲ ਕਰਜ਼ਾ 10,134 ਕਰੋੜ ਸੀ ਜੋ 1986-87 'ਚ ਵਧ ਕੇ 138,213 ਕਰੋੜ ਰੁਪਏ ਤਕ ਪੁਜ ਗਿਆ ਹੈ। ਇਹ ਸਰਕਾਰ ਦੀ ਨਰਮਾਈ ਵਾਲੀ ਦਰਾਮਦ ਨੀਤੀ ਦਾ ਹੀ ਸਿੱਟਾ ਹੈ ਕਿ ਇਸ ਸਾਲ ਤੋਂ ਹੀ ਸਾਡੀਆਂ ਨਕਦੀ ਵਿਚ ਬਰਾਮਦਾਂ ਦਾ 24 ਪ੍ਰਤੀਸ਼ਤ ਖੋਹ ਲਿਆ ਜਾਵੇਗਾ।

ਸਾਡੀ ਸਰਕਾਰ ਹਰ ਸਾਲ ਘਾਟੇ ਦੇ ਬਜਟ ਪੇਸ਼ ਕਰਦੀ ਆ ਰਹੀ ਹੈ। ਕੇਂਦਰ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਦੇ ਬਜਟਾਂ ਦਾ ਘਾਟਾ ਲਗਾਤਾਰ ਵਧ ਰਿਹਾ ਹੈ। ਇਸ ਘਾਟੇ ਦਾ ਬੋਝ ਆਮ ਮਿਹਨਤੀ ਲੋਕਾਂ ਸਿਰ ਲੱਦਿਆ ਜਾ ਰਿਹਾ ਹੈ। ਰੇਲਾਂ ਬੱਸਾਂ ਦੇ ਕਿਰਾਏ ਭਾੜੇ ਵਧਾਏ ਜਾਂਦੇ ਹਨ ਅਤੇ ਹੋਰ ਅਨੇਕਾਂ ਕਿਸਮ ਦੇ ਟੈਕਸਾਂ ਦਾ ਬੋਝ ਹਰ ਸਾਲ ਲੋਕਾਂ ਸਿਰ ਲੱਦ ਦਿੱਤਾ ਜਾਂਦਾ ਹੈ। ਸਰਕਾਰ ਨੇ ਇਹ ਬੋਝ ਪਾਉਣ ਦਾ ਨਵਾਂ ਤਰੀਕਾ ਖੋਜ ਲਿਆ ਹੈ। ਸਿੱਧੇ ਟੈਕਸਾਂ ਦੀ ਥਾਂ ਅਸਿੱਧੇ ਟੈਕਸਾਂ ਦਾ। ਪੀ. ਟੀ. ਆਈ. ਦੀ ਇਕ ਰਿਪੋਰਟ ਮੁਤਾਬਕ 1950 ਤੋਂ 1987 ਤੱਕ ਅਸਿੱਧੇ ਟੈਕਸਾਂ 'ਚ 100 ਗੁਣਾਂ ਵਾਧਾ ਹੋਇਆ ਜਦ ਕਿ ਸਿੱਧੇ ਟੈਕਸਾਂ 'ਚ 28 ਗੁਣਾਂ ਦਾ। ਅਸਿੱਧੇ ਟੈਕਸ ਜਿਹੜੇ 1950-51 'ਚ 396 ਕਰੋੜ ਸਨ, 1986-87 'ਚ ਵਧ ਕੇ 40,919 ਕਰੋੜ ਤਕ ਪੁਜ ਗਏ। ਸਿੱਧੇ ਟੈਕਸ ਜਿਹੜੇ 1950-51 'ਚ 231 ਕਰੋੜ ਸਨ, 1986-87 'ਚ 6,437 ਕਰੋੜ ਰੁਪਏ ਤੱਕ ਪੁਜ ਗਏ। ਇਸ ਤੋਂ ਸਪਸ਼ਟ ਹੈ ਕਿ ਟੈਕਸ ਤਾਂ ਭਾਵੇਂ ਦੋਹਾਂ ਕਿਸਮਾਂ ਦੇ ਹੀ ਵਧੇ ਹਨ ਪਰ ਸਿੱਧੇ ਟੈਕਸਾਂ ਦੇ ਮੁਕਾਬਲੇ 'ਚ ਅਸਿੱਧੇ ਟੈਕਸਾਂ 'ਚ ਕਈ ਗੁਣਾ ਵਾਧਾ ਹੋਇਆ ਹੈ। ਅਸਿੱਧੇ ਟੈਕਸ ਆਮ ਤੌਰ 'ਤੇ ਗਰੀਬ ਲੋਕਾਂ ਨੂੰ ਦੇਣੇ ਪੈਂਦੇ ਹਨ ਜਿਹੜੇ ਗਰੀਬਾਂ ਦੀ ਥੋੜ੍ਹੀ ਆਮਦਨ ਦਾ ਜ਼ਿਆਦਾ ਹਿਸਾ ਹੂੰਜ ਕੇ ਲੈ ਜਾਂਦੇ ਹਨ। ਗਰੀਬ ਆਦਮੀ ਨੂੰ ਹਰ ਥਾਂ ਜਿਵੇਂ ਸਫਰ ਕਰਦੇ ਸਮੇਂ ਖਾਂਦੇ, ਪੀਂਦੇ ਸਮੇਂ ਸਿਨਮੇ ਜਾਂਦੇ ਸਮੇਂ ਅਮੀਰ ਆਦਮੀ ਦੀ ਆਮਦਨ ਦੇ ਮੁਕਾਬਲੇ ਆਪਣੀ ਘੱਟ ਆਮਦਨ ਦਾ ਜ਼ਿਆਦਾ ਹਿਸਾ ਦੇਣਾ ਪੈਂਦਾ ਹੈ। ਅਮੀਰ ਆਦਮੀ ਸਿੱਧੇ ਟੈਕਸਾਂ 'ਚੋਂ ਬਚ ਜਾਂਦੇ ਹਨ। ਕਾਲੇ ਧਨ ਰਾਹੀਂ ਅਤੇ ਟੈਕਸਾਂ ਆਦਿ ਦੀ ਚੋਰੀ ਕਰ ਕੇ ਟੈਕਸਾਂ ਦੇ ਰੂਪ ਵਿਚ ਜਾਣ ਵਾਲੇ ਪੈਸੇ ਨੂੰ ਬਚਾ ਲੈਂਦੇ ਹਨ। ਗਰੀਬ ਆਦਮੀ ਨੂੰ ਹਰ ਚੀਜ਼ ਖਰੀਦਣ ਸਮੇਂ ਟੈਕਸ ਦੇਣਾ ਪੈਂਦਾ ਹੈ। ਉਹ ਟੈਕਸਾਂ ਦੀ ਚੋਰੀ ਨਹੀਂ ਕਰ ਸਕਦਾ। ਅਮੀਰ ਆਦਮੀ ਸਰਕਾਰ ਪਾਸੋਂ ਵੀ ਵੱਧ ਸਹੂਲਤਾਂ ਲੈ ਜਾਂਦੇ ਹਨ ਜਦ ਕਿ ਗਰੀਬ ਆਦਮੀ ਨੂੰ ਇਹ ਘੱਟ ਹੀ ਨਹੀਂ ਮਿਲਦੀਆਂ ਸਗੋਂ ਇਹ ਕਦੇ ਕਦੇ ਵਾਂਝੇ ਹੀ ਰਹਿ ਜਾਂਦੇ ਹਨ। ਇਸ ਤਰ੍ਹਾਂ ਨਾਲ ਅਮੀਰਾਂ ਤੇ ਗਰੀਬਾਂ 'ਚ ਹੋਰ ਵੀ ਪਾੜਾ ਵਧ ਰਿਹਾ ਹੈ।

ਸਿੱਕੇ ਦਾ ਫੈਲਾਅ ਹੋ ਰਿਹਾ ਹੈ। ਰੁਪਏ ਦੀ ਕੀਮਤ ਲਗਾਤਾਰ ਘਟ ਰਹੀ ਹੈ। ਮਹਿਗਾਈ ਜ਼ੋਰਾਂ 'ਤੇ ਹੈ। ਸਰਕਾਰੀ ਰਿਪੋਰਟ ਮੁਤਾਬਕ 10 ਦਸੰਬਰ ਨੂੰ ਖਤਮ ਹੋਏ ਹਫਤੇ ਸਮੇਂ ਥੋਕ ਕੀਮਤ ਸੂਚਕ ਅੰਕ (1970-71 ਅਧਾਰ) 412.3 ਤਕ ਪੁਜ ਗਿਆ। ਜਦ ਕਿ ਪਿਛਲੇ ਹਫਤੇ ਇਹੋ ਸੂਚਕ ਅੰਕ 411.2 ਸੀ। ਇਸ ਤਰ੍ਹਾਂ ਇਕ ਹਫਤੇ ਵਿਚ ਥੋਕ ਕੀਮਤ ਸੂਚਕ ਅੰਕ ਵਿਚ 101 ਦਾ ਵਾਧਾ ਹੋਇਆ। ਅੱਜ ਸਮੁੱਚਾ ਦੇਸ਼ ਸੋਕੇ ਦੀ ਲਪੇਟ 'ਚ ਆਇਆ ਹੋਇਆ ਹੈ। ਕੁਝ ਸੂਬੇ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਹਨ ਜਿਸ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪੈਦਾਵਾਰ 'ਤੇ ਮਾਰੂ ਅਸਰ ਪਿਆ ਹੈ। ਝੋਨਾ, ਬਾਜਰਾ, ਜਵਾਰ ਆਦਿ ਦੀ ਪੈਦਾਵਾਰ ਘਟੀ ਹੈ। ਤੇਲ ਬੀਜਾਂ ਦੀ ਪੈਦਾਵਾਰ ਜਿਹੜੀ 1982-83 ਵਿਚ 125 ਲੱਖ ਟਨ ਸੀ, 1986-87 'ਚ ਘਟ ਕੇ 100 ਟਨ ਰਹਿ ਗਈ ਹੈ। ਜਿਹੜੀ ਸੋਕੇ ਕਾਰਨ ਹੋਰ ਵੀ ਘਟਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਬਨਸਪਤੀ ਸਨਅਤ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਤੇਲ ਬੀਜ ਬਾਹਰੋਂ ਮੰਗਵਾਉਣੇ ਪੈਣਗੇ। ਇਸ ਸਨਅਤ ਦੇ 925 ਲੱਖ ਟਨ ਦੇ ਪੈਦਾਵਾਰੀ ਪੱਧਰ ਨੂੰ ਕਾਇਮ ਰੱਖਣ ਲਈ ਪਹਿਲਾਂ ਹੀ ਭਾਰੀ ਮਾਤਰਾ 'ਚ ਤੇਲ ਬੀਜ ਬਾਹਰੋਂ ਮੰਗਵਾਉਣੇ ਪੈਂਦੇ ਸਨ, ਹੁਣ ਇਸ ਦੀ ਮਾਤਰਾ ਵਿਚ ਹੋਰ ਵਾਧਾ ਹੋਵੇਗਾ। ਇਸੇ ਤਰ੍ਹਾਂ ਖੰਡ ਦੀ ਪੈਦਾਵਾਰ ਬਰਕਰਾਰ ਰੱਖਣਾ ਵੀ ਅਸੰਭਵ ਹੋ ਜਾਵੇਗਾ। ਗੰਨੇ ਦੀ ਪੈਦਾਵਾਰ ਆਮ ਤੌਰ 'ਤੇ 17 ਕਰੋੜ 50 ਲੱਖ ਟਨ ਰਹੀ ਹੈ ਜੋ ਇਸ ਸਾਲ 17 ਲੱਖ ਟਨ ਤਕ ਹੀ ਪੁਜਣ ਦੀ ਆਸ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪੈਦਾਵਾਰ ਦੇ ਘਟਣ ਨਾਲ ਜਿਥੇ ਸਾਨੂੰ ਕੁਝ ਵਸਤਾਂ ਬਾਹਰੋਂ ਮੰਗਵਾਉਣੀਆਂ ਪੈ ਸਕਦੀਆਂ ਹਨ, ਜਿਹਦਾ ਸਾਡੀ ਸਮੁੱਚੀ ਆਰਥਿਕਤਾ 'ਤੇ ਭਾਰੀ ਅਸਰ ਪਵੇਗਾ, ਉਥੇ ਇਸ ਸਥਿਤੀ ਦਾ ਫਾਇਦਾ ਉਠਾ ਕੇ ਸਟਾਕਿਸਟ, ਚੋਰ ਬਜ਼ਾਰੀ ਕਰਨ ਵਾਲਿਆਂ ਵਲੋਂ ਆਪਣੇ ਹੱਥ ਰੰਗਣ ਲਈ ਭਰਪੂਰ ਯਤਨ ਕਰਨ ਦੀ ਸੰਭਾਵਨਾ ਹੈ। ਇਸ ਤਰ੍ਹਾਂ ਆਮ ਲੋਕਾਂ ਨੂੰ ਹੋਰ ਮਹਿਗੇ ਭਾਅ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਖਰੀਦਣ ਲਈ ਮਜਬੂਰ ਹੋਣਾ ਪਵੇਗਾ।

ਸਰਕਾਰ ਜ਼ਮੀਨੀ ਮਸਲੇ ਨੂੰ ਹੱਲ ਕਰਨ 'ਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਸਾਡੇ ਦੇਸ਼ ਦੀ ਕੁਲ ਜਨ ਸੰਖਿਆ ਦਾ 80 ਪ੍ਰਤੀਸ਼ਤ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ।

ਕਿਸਾਨੀ ਟੁੱਟ ਭੱਜ ਰਹੀ ਹੈ। ਹਰ ਸਾਲ ਇਸ ਟੁੱਟ ਭੱਜ ਦੇ ਨਤੀਜੇ ਵਜੋਂ ਬੇਜ਼ਮੀਨੇ ਖੇਤ ਮਜ਼ਦੂਰਾਂ ਦੀ ਗਿਣਤੀ ਵਧ ਰਹੀ ਹੈ। ਕਿਸਾਨਾਂ ਨੂੰ ਉਨ੍ਹਾਂ ਦੀਆਂ ਪੈਦਾਵਾਰੀ ਜਿਣਸਾਂ ਦੇ ਲਾਹੇਵੰਦ ਭਾਅ ਨਹੀਂ ਮਿਲ ਰਹੇ। ਲਾਗਤ ਖਰਚ ਦਿਨੋਂ ਦਿਨ ਵਧ ਰਹੇ ਹਨ ਜਿਸ ਦੇ ਨਤੀਜੇ ਵਜੋਂ ਕਿਸਾਨੀ ਦੀ ਮੰਦਹਾਲੀ 'ਚ ਵਾਧਾ ਹੋ ਰਿਹਾ ਹੈ। ਖੇਤ ਮਜ਼ਦੂਰਾਂ ਨੂੰ ਯੋਗ ਉਜਰਤਾਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਉਜਰਤਾਂ ਲਾਗੂ ਕਰਵਾਉਣ ਲਈ ਕੋਈ ਯੋਗ ਮਸ਼ੀਨਰੀ ਨਹੀਂ ਹੈ। ਸਨਅਤੀ ਮਜ਼ਦੂਰਾਂ ਨੂੰ ਛਾਂਟੀਆਂ ਅਤੇ ਤਾਲੇਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਏ ਸਾਲ ਤਾਲਾਬੰਦੀ ਕਾਰਨ ਹਜ਼ਾਰਾਂ ਮਜ਼ਦੂਰ ਬੇਕਾਰ ਹੋ ਰਹੇ ਹਨ। ਸਰਕਾਰੀ ਮੁਲਾਜ਼ਮਾਂ ਨੂੰ ਸਿੱਕੇ ਦੇ ਫੈਲਾਅ ਕਾਰਨ ਘਟਦੀਆਂ ਉਜਰਤਾਂ ਵਿਰੁਧ ਤਨਖਾਹਾਂ ਵਧਾਉਣ ਅਤੇ ਹੋਰ ਹੱਕਾਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਜਿਥੋਂ ਤੱਕ ਵਿਦਿਆ ਅਤੇ ਰੁਜ਼ਗਾਰ ਦਾ ਸਬੰਧ ਹੈ, ਇਸ ਪੱਖ ਤੋਂ ਵੀ ਸਾਡੇ ਦੇਸ਼ ਦੀ ਹਾਲਤ ਬਹੁਤ ਪਤਲੀ ਹੈ। ਚਾਲੀ ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ 65 ਪ੍ਰਤੀਸ਼ਤ ਲੋਕ ਅਨਪੜ੍ਹ ਹਨ। ਬੇਕਾਰੀ ਦਿਨੋਂ ਦਿਨ ਛਾਲਾਂ ਮਾਰ ਕੇ ਵਧਦੀ ਜਾਂਦੀ ਹੈ। 1985 ਦੇ ਅੰਤ ਤਕ ਸਰਕਾਰੀ ਅੰਕੜਿਆਂ ਮੁਤਾਬਕ ਪੜ੍ਹੇ ਲਿਖੇ ਬੇਕਾਰਾਂ ਦੀ ਗਿਣਤੀ 2,62,69000 ਸੀ ਜਿਸ ਵਿਚੋਂ 2,18,22000 ਮਰਦ ਅਤੇ 44,47,000 ਔਰਤਾਂ ਸਨ ਇਨ੍ਹਾਂ ਵਿਚੋਂ ਬਹੁਤੇ ਪੜ੍ਹੇ ਲਿਖੇ ਲੋਕ ਜਿਵੇਂ ਡਾਕਟਰ ਅਤੇ ਇੰਜਨੀਅਰ ਵੀ ਸ਼ਾਮਲ ਹਨ। ਅਤੇ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਆਪਣਾ ਨਾਂ ਰੋਜ਼ਗਾਰ ਦਫਤਰਾਂ 'ਚ ਦਰਜ ਹੀ ਨਹੀਂ ਕਰਵਾਉਂਦੇ। ਇਸ ਤੋਂ ਇਲਾਵਾ ਜੇ ਪੇਂਡੂ ਬੇਰੁਜ਼ਗਾਰਾਂ ਦੀ ਗਿਣਤੀ ਵੀ ਇਹਦੇ ਵਿਚ ਦਰਜ ਕਰ ਲਈ ਜਾਵੇ ਤਾਂ ਇਹ ਅੰਕੜੇ ਹੋਰ ਵੀ ਵਧ ਜਾਂਦੇ ਹਨ। ਸਨਅਤਾਂ ਦੇ ਬੰਦ ਹੋਣ ਨਾਲ ਬੇਕਾਰੀ ਵੀ ਵਧ ਰਹੀ ਹੈ। ਜਿਥੇ ਸਾਡੇ ਇਹ ਬੇਕਾਰੀ ਦੀ ਸਮੱਸਿਆ ਵਧ ਰਹੀ ਹੈ, ਉਥੇ ਬਾਲ ਮਜ਼ਦੂਰੀ ਵਿਚ ਵੀ ਭਾਰੀ ਵਾਧਾ ਹੋ ਰਿਹਾ ਹੈ। 1983 'ਚ ਯੋਜਨਾ ਕਮਿਸ਼ਨ ਦੇ ਅੰਦਾਜ਼ੇ ਮੁਤਾਬਕ ਬਾਲ ਮਜ਼ਦੂਰਾਂ ਦੀ ਗਿਣਤੀ 1,70,3600 ਸੀ। ਪਰ ਆਲ ਇੰਡੀਆ ਸਰਵੇ ਆਨ ਚਾਈਲਡ ਦੇ ਅੰਕੜਿਆਂ ਮੁਤਾਬਕ ਸਾਡੇ ਦੇਸ਼ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ 4,40,0000 ਤੋਂ ਵੀ ਵੱਧ ਹੈ। ਕਾਂਗਰਸੀ ਰਾਜ ਵਿਚ 5 ਸਾਲ ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਨੂੰ ਅਣ-ਮਨੁੱਖੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਭਾਵੇਂ ਭਾਰਤੀ ਵਿਧਾਨ ਦੀ ਧਾਰਾ, 24 ਅਧੀਨ 14 ਤੋਂ ਘੱਟ ਉਮਰ ਦੇ ਬੱਚਿਆਂ ਪਾਸੋਂ ਕੰਮ ਲੈਣ ਦੀ ਮਨਾਹੀ ਹੈ ਪਰ 1981 ਦੀ ਜਨਗਣਨਾ ਮੁਤਾਬਕ 33 ਕਰੋੜ ਬੱਚਿਆਂ ਵਿਚੋਂ 11 ਕਰੋੜ ਕੰਮ ਕਰ ਰਹੇ ਸਨ। ਅਜੀਬ ਹਾਲਤ ਹੈ! ਇਕ ਬੰਨੇ ਬੇਕਾਰੀ ਹੈ ਦੂਸਰੇ ਪਾਸੇ ਨਿੱਕੇ ਨਿੱਕੇ ਬੱਚੇ ਜਿਨ੍ਹਾਂ ਦੇ ਪੜ੍ਹਨ ਲਿਖਣ ਅਤੇ ਖੇਡਣ ਕੁੱਦਣ ਦਾ ਸਮਾਂ ਹੈ, ਕੰਮ ਕਰਨ ਲਈ ਮਜਬੂਰ ਹਨ।

ਇਨ੍ਹਾਂ ਸਾਰੀਆਂ ਨੀਤੀਆਂ ਦੀ ਮਿਹਨਤਕਸ਼ ਲੋਕਾਂ ਦੀ ਖਰੀਦ ਸ਼ਕਤੀ 'ਤੇ ਮਾੜਾ ਅਸਰ ਪੈ ਰਿਹਾ ਹੈ। ਗਰੀਬੀ ਅਤੇ ਪੈਸੇ ਦੀ ਘਾਟ ਕਾਰਨ ਉਨ੍ਹਾਂ ਦੀ ਲਗਾਤਾਰ ਖਰੀਦ ਸ਼ਕਤੀ ਘਟ ਰਹੀ ਹੈ। ਦਾਲਾਂ ਜਿਹੜੀਆਂ ਗਰੀਬਾਂ ਦੀ ਪ੍ਰੋਟੀਨ ਦਾ ਮੁਖ ਸਾਧਨ ਹਨ, ਦੀ ਲਾਗਤ ਘਟ ਰਹੀ ਹੈ। ਜਿਹੜੀ 1958 'ਚ ਪ੍ਰਤੀ ਵਿਅਕਤੀ ਪ੍ਰਤੀ ਦਿਨ 70.3 ਗਰਾਮ ਸੀ 1985 ਵਿਚ ਘੱਟ ਕੇ 38.5 ਗਰਾਮ ਰਹਿ ਗਈ ਹੈ। ਇਸੇ ਤਰ੍ਹਾਂ ਕੱਪੜੇ ਦੀ 1955-56 ਦੇ ਮੁਕਾਬਲੇ 1985-86 'ਚ ਖਪਤ 14.4 ਮੀਟਰ ਤੋਂ ਘਟ ਕੇ 10.6 ਮੀਟਰ ਰਹਿ ਗਈ ਹੈ। ਇਹ ਲੋਕਾਂ ਦੀ ਘਟ ਰਹੀ ਆਮਦਨ ਕਾਰਨ ਬਹੁਗਿਣਤੀ ਲੋਕਾਂ ਦੀ ਮਾੜੀ ਹੋ ਰਹੀ ਆਰਥਿਕ ਦਸ਼ਾ ਦੀ ਪ੍ਰਤੱਖ ਤਸਵੀਰ ਹੈ। ਗਰੀਬੀ ਘਟਾਉਣ ਦੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਅੱਜ ਸਾਡੀ ਵਸੋਂ ਦਾ ਬਹੁਤਾ ਹਿਸਾ ਜ਼ਿੰਦਗੀ ਦੀਆਂ ਜ਼ਰੂਰਤਾਂ ਤੋਂ ਆਤਰ ਹੈ। ਇਸ ਸਭ ਕੁਝ ਦਾ ਅਸਰ ਸਨਅਤੀ ਕਾਰੋਬਾਰ 'ਤੇ ਵੀ ਪੈਣ ਲੱਗਾ ਹੈ। ਸਨਅਤਾਂ ਬੰਦ ਹੋ ਰਹੀਆਂ ਹਨ ਅੱਜ ਸਮੁੱਚੇ ਮੁਲਕ ਵਿਚ 1 ਲੱਖ 20,000 ਫੈਕਟਰੀਆਂ ਬੰਦ ਪਈਆਂ ਹਨ। ਇਸ ਤਰ੍ਹਾਂ ਸਮੁੱਚੀ ਆਰਥਿਕ ਦਸ਼ਾ ਵਿਗੜ ਰਹੀ ਹੈ।

ਅਮਨ ਕਾਨੂੰਨ ਦੀ ਹਾਲਤ ਵੀ ਦਿਨੋਂ ਦਿਨ ਪਤਲੀ ਹੋ ਰਹੀ ਹੈ ਕਤਲ ਡਾਕੇ ਆਮ ਗੱਲ ਬਣ ਗਈ ਹੈ। ਗਰੀਬ ਲੋਕਾਂ 'ਤੇ ਅਤਿਆਚਾਰ ਅਤੇ ਔਰਤਾਂ ਨਾਲ ਜਬਰ ਹੋ ਰਿਹਾ ਹੈ। ਔਰਤਾਂ ਦਾਜ ਦੀ ਬਲੀ ਚੜ੍ਹ ਰਹੀਆਂ ਹਨ। ਆਜ਼ਾਦੀ ਦੇ ਚਾਲੀ ਸਾਲਾਂ ਬਾਅਦ ਵੀ ਸਤੀ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਸਮੁੱਚੇ ਦੇਸ਼ 'ਚ ਸਰਕਾਰੀ ਅਦਾਰਿਆਂ 'ਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਫੇਅਰਫੈਕਸ, ਜਰਮਨ ਪਣਡੁੱਬੀਆਂ ਅਤੇ ਬੋਫੋਰਜ਼ ਸੌਦਿਆਂ ਵਿਚ ਹੋਏ ਘਪਲਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭ੍ਰਿਸ਼ਟਾਚਾਰ ਕਿਥੋਂ ਤੱਕ ਪੁਜ ਚੁਕਾ ਹੈ।

ਲੋਕਾਂ ਦੀਆਂ ਵਧ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ 'ਚ ਪ੍ਰਾਂਤਕ ਸਰਕਾਰਾਂ ਆਪਣੀ ਅਸਮਰਥਾ ਜ਼ਾਹਰ ਕਰਦੀਆਂ ਹਨ। ਇਹ ਦਰੁਸਤ ਹੀ ਹੈ ਕਿ ਕੇਂਦਰ ਸਰਕਾਰ ਕੋਲ ਬਹੁਤ ਸਾਰੇ ਅਧਿਕਾਰ ਕੇਂਦਰਤ ਹਨ। ਪ੍ਰਾਂਤਕ ਸਰਕਾਰਾਂ ਕੋਲ ਬਹੁਤ ਹੀ ਸੀਮਤ ਅਧਿਕਾਰ ਹਨ ਜਿਸ ਕਰਕੇ ਉਨ੍ਹਾਂ ਨੂੰ ਲੋਕਾਂ ਦੇ ਮਸਲੇ ਹੱਲ ਕਰਨ 'ਚ ਕਈ ਕਿਸਮ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਪ੍ਰਾਂਤਕ ਸਰਕਾਰਾਂ ਵਲੋਂ ਪਾਸ ਕੀਤੇ ਕਾਨੂੰਨਾਂ ਨੂੰ ਕੇਂਦਰੀ ਸਰਕਾਰ ਵਲੋਂ ਬੇਲੋੜੇ ਸਮੇਂ ਤਕ ਰੋਕੀ ਰੱਖਿਆ ਜਾਂਦਾ ਹੈ ਅਤੇ ਮਨਜ਼ੂਰੀ ਨਹੀਂ ਦਿੱਤੀ ਜਾਂਦੀ। ਪੱਛਮੀ ਬੰਗਾਲ ਦੇ ਜ਼ਮੀਨੀ ਸੁਧਾਰ ਕਾਨੂੰਨ ਸਬੰਧੀ ਇਹ ਗੱਲ ਦੇਖਣ 'ਚ ਆਈ। ਜਿਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਬਿੱਲ ਸਾਲਾਂ ਬੱਧੀ ਰੋਕੀ ਰੱਖੇ ਗਏ ਹਨ। ਧਾਰਾ 365 ਦੀ ਵਰਤੋਂ ਕਰਕੇ ਪ੍ਰਾਂਤਕ ਸਰਕਾਰ ਨੂੰ ਜਦ ਚਾਹੇ ਕੇਂਦਰੀ ਸਰਕਾਰ ਤੋੜ ਸਕਦੀ ਹੈ। ਇਸ ਤਰ੍ਹਾਂ ਅੱਜ ਕੇਂਦਰ ਦੀਆਂ ਨੀਤੀਆਂ ਖਿਲਾਫ ਪਾਂਤਕ ਸਰਕਾਰਾਂ ਵਲੋਂ ਕੇਂਦਰ ਰਾਜ ਸਬੰਧਾਂ ਨੂੰ ਮੁੜ ਉਸਾਰੇ ਜਾਣ ਦੀ ਅਵਾਜ਼ ਉਠਾਈ ਜਾ ਰਹੀ ਹੈ।

ਸਰਕਾਰ ਦੀਆਂ ਨੀਤੀਆਂ ਕਾਰਨ ਜਿਥੇ ਉਪਰੋਕਤ ਕਿਸਮ ਦੀਆਂ ਸਮੱਸਿਆਵਾਂ 'ਚ ਵਾਧਾ ਹੋ ਰਿਹਾ ਹੈ ਉਹਦੇ ਨਾਲ ਨਾਲ ਲੋਕਾਂ 'ਚ ਬੇਚੈਨੀ ਵਧ ਗਈ ਹੈ। ਅੱਜ ਜਾਤੀਵਾਦੀ, ਫਿਰਕੂ ਇਲਾਕਾਪ੍ਰਸਤ ਤਾਕਤਾਂ ਵਧ ਰਹੀ ਬੇਚੈਨੀ ਨੂੰ ਕੁਰਾਹੇ ਪਾਉਣ ਦਾ ਯਤਨ ਕਰ ਰਹੀਆਂ ਹਨ। ਇਹ ਤਾਕਤਾਂ ਲੋਕਾਂ ਨੂੰ ਜਾਤੀਵਾਦ ਭਾਸ਼ਾਵਾਦ ਫਿਰਕਾਪ੍ਰਸਤੀ, ਇਲਾਕਾਪ੍ਰਸਤੀ ਅਤੇ ਧਰਮਾਂ ਦੇ ਨਾਂ 'ਤੇ ਆਪਸ ਵਿਚ ਲੜਾ ਰਹੀਆਂ ਹਨ ਇਸ ਤਰ੍ਹਾਂ ਅੱਜ ਸਾਡੇ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਹੈ।

# ਮੇਰਾ ਪੰਜਾਬ ਕਿੱਥੇ ਹੈ ?

ਹਰਭਜਨ ਸਿੰਘ ਹੁੰਦਲ

ਮੇਰਾ ਪੰਜਾਬ ਘਰੋਂ ਰੁੱਸ ਕੇ ਤੁਰ ਗਿਆ ਹੈ
ਦੇਰ ਹੋਈ ਵਾਪਸ ਨਹੀਂ ਪਰਤਿਆ ।
ਕੀ ਉਹ ਦਿੱਲੀ ਦੇ ਦੰਗਿਆਂ ਵਿਚ
ਅਜਾਈਂ ਕਤਲ ਤਾਂ ਨਹੀਂ ਹੋ ਗਿਆ
ਜਾਂ ਸ਼ਾਇਦ ਵਾਹਘੇ ਦੀ ਹੱਦ ਟੱਪ ਕੇ
ਸ਼ਰੀਕਾਂ ਦੇ ਘਰ ਜਾ ਸੁੱਤਾ ਹੈ !

ਕਿੱਥ ਹੈ ਆਖਰ ?
ਹਾਕਮਾਂ ਦੀ ਦਾੜ੍ਹ ਹੇਠ ਹੈ
ਜਾਂ ਸਾਧਾਂ-ਸੰਤਾਂ ਦੇ ਡੇਰੇ ਤੇ
ਇੰਝ ਲਗਦਾ ਹੈ
ਜਿਵੇਂ ਮਰ ਗਿਆਂ ਦੀ ਮਕਾਣੇ ਚਲਾ ਗਿਆ ਹੋਵੇ
ਗੁਰਦੁਆਰੇ ਮੱਥਾ ਟੇਕਣ ਗਿਆ ਸੀ ਸ਼ਾਇਦ
ਫਿਰ ਨਹੀਂ ਪਰਤਿਆ ।

ਨਾ ਵਿਆਹਾਂ ਦੀ ਉਦਾਸ ਰੌਣਕ 'ਚੋਂ ਲੱਭਦਾ ਹੈ
ਨਾ ਮੇਲਿਆਂ ਦੀ ਦਹਿਸ਼ਤ ਵਿਚ
ਆਖਰ ਕਿੱਥੇ ਹੈ ਮੇਰਾ ਪੰਜਾਬ ?

ਜੇ ਕਿਸੇ ਨੂੰ ਪਤਾ ਹੋਵੇ ਤਾਂ ਦੱਸ ਪਾਓ
ਪੀਰ ਫਕੀਰ ਧਿਆਈਏ
ਰੋਟ ਵੰਡੀਏ
ਸੁੱਚੇ ਜਲ ਦਾ ਤਰੌਂਕਾ ਮਾਰ ਕੇ
ਹੋਸ਼ ਵਿਚ ਲਿਆਈਏ ।
ਵੇਖਣਾ ਕਿਤੇ ਹਾਕਮਾਂ ਦੀ ਸ਼ਤਰੰਜ ਦਾ
ਮੋਹਰਾ ਤਾਂ ਨਹੀਂ ਬਣ ਗਿਆ
ਜਾਂ ਸ਼ਾਇਦ ਗੋਲੀਆਂ ਤੋਂ ਡਰਦਾ
ਜੱਦੀ ਘਰ ਛੱਡ ਕੇ ਖਾਨਾਬਦੋਸ਼ ਬਣ ਗਿਆ ਹੋਵੇ

ਰੋਜ਼ ਹੁੰਦੀ ਠੂਹ-ਠਾਹ ਤੋਂ ਡਰਦਾ ਮਾਰਾ
ਐਸਾ ਤਰੱਬਕਿਆ ਸੀ
ਕਿ ਰਾਤ ਨੂੰ ਵਾਜ ਮਾਰਿਆਂ ਵੀ
ਵਾਜ ਨਹੀਂ ਸੀ ਦਿੰਦਾ ਮੇਰਾ ਪੰਜਾਬ ।

ਜੇ ਬੱਸ ਗੱਡੀ ਚੜ੍ਹਦਾ
ਕਿਸੇ ਨੇ ਵੇਖਿਆ ਹੋਵੇ ਤਾਂ ਦੱਸਣਾ ।
ਕਿਤੇ ਬੱਸ ਵਿਚ ਨਾ ਮਾਰਿਆ ਗਿਆ ਹੋਵੇ
ਆਪਣੇ ਹੀ ਜੰਮਿਆਂ ਹੱਥੋਂ
ਪੰਜਾਬ ਜੋ ਖੇਤਾਂ ਵਿਚ ਮੁੜ੍ਹਕਾ ਬਣ ਕੇ ਡੁਲ੍ਹਦਾ ਸੀ
ਗੁਰਦੁਆਰੇ ਦੇ ਸੰਖ ਵਿਚੋਂ ਬੋਲਦਾ ਸੀ
ਮੰਦਰ ਦੇ ਘੜਿਆਲ ਦੀ ਆਵਾਜ਼ ਨਾਲ ਸੌਂਦਾ ਸੀ
ਮੁੱਲਾਂ ਦੀ ਬਾਂਗ ਨਾਲ ਜਾਗਦਾ ਸੀ

ਮੇਲੇ ਵਿਚ ਗੱਭਰੂ ਵਾਂਗ ਭੰਗੜਾ ਪਾਉਂਦਾ ਸੀ
ਮੁਟਿਆਰ ਦੀ ਅੱਡੀ ਵਾਂਗ ਗਿੱਧੇ ਵਿਚ ਨੱਚਦਾ ਸੀ
ਆਏ ਗਏ ਦੇ ਸੁਆਗਤ ਲਈ
ਖੇਸ-ਦਰੀਆਂ ਦੀ ਥਾਂ
ਦਿਲ ਵਿਛਾ ਦਿੰਦਾ ਸੀ ।

ਸੰਧਿਆ ਵੇਲੇ ਦੀ ਅਰਦਾਸ ਕਰਦਾ
ਸਰਬੱਤ ਦਾ ਭਲਾ ਮੰਗਦਾ ਸੀ ।

ਪੰਜਾਬ ਜੋ ਮਾਂ ਦਾ ਕਮਾਊ ਪੁੱਤ ਸੀ
ਜਵਾਨ ਧੀ ਦੀ ਪੱਤ ਸੀ
ਪਿਓ ਦਾ ਟੱਲੀ ਵਰਗਾ ਖੰਘੂਰਾ ਸੀ
ਬੁੱਢੀ ਮਾਂ ਦੀ ਡੰਗੋਰੀ ਸੀ
ਬਾਬੇ ਦੀ ਐਨਕ ਸੀ
ਕੀ ਕੀ ਨਹੀਂ ਸੀ ਮੇਰਾ ਉਹ
ਬੱਸ ਰੁੱਸ ਕੇ ਘਰੋਂ ਨਿਕਲਿਆ ਹੈ
ਫਿਰ ਪਰਤ ਕੇ ਨਹੀਂ ਆਇਆ ।

ਪੰਜਾਬ ਜੋ ਖੈਰ ਸੁੱਖ ਮੰਗਦਾ ਬਾਬੇ ਫਰੀਦ ਦਾ ਸ਼ਲੋਕ ਸੀ

ਵਾਰਸ ਸ਼ਾਹ ਦੀ ਹੂਕ ਭਰੀ ਹੇਕ ਸੀ
ਸ਼ਾਹ ਹੁਸੈਨ ਦੀ ਵਿਲਕਦੀ ਕਾਫੀ ਸੀ
ਬਾਬੇ ਨਾਨਕ ਦੀ ਸ਼ਾਂਤੀ ਵੰਡਦੀ ਬਾਣੀ ਸੀ
ਸੁਲਤਾਨ ਬਾਹੂ ਦਾ ਵਜਦ ਵਿਚ ਗਾਇਆ ਦੋਹਾ ਸੀ
ਪੰਜਾਬ ਜੋ ਸ਼ਾਹ ਮੁਹੰਮਦ ਦੀ ਦਰਦ-ਭਰੀ ਬੈਂਤ ਸੀ
ਕਿੱਥੇ ਹੈ ਆਖਰ ਮੇਰਾ ਪੰਜਾਬ ?

ਹੋ ਸਕੇ ਤਾਂ ਰਾਜਧਾਨੀ ਦੇ ਪਾਧਿਆਂ ਤੋਂ
ਪੁੱਛ ਕੇ ਦੱਸਣਾ ।
ਕਿ ਕਿੱਥੇ ਤੁਰ ਗਿਆ ਹੈ ਮੇਰਾ ਕਮਾਊ ਪੁੱਤਰ
ਉਹ ਜੋ ਦੇਸ਼ ਦੀ ਸੱਜੀ ਮੁੱਛ ਦਾ ਵਾਲ ਸੀ
ਉਹ ਜੋ ਡੌਲੇ ਤੇ ਬੰਨ੍ਹਿਆਂ ਸੋਨੇ ਦਾ ਤਵੀਤ ਸੀ
ਕਿੱਥੇ ਗੁੰਮ ਹੋ ਗਿਆ ਹੈ ?




**Thinking of Buying or Selling**

New Houses, Lots, Building Contracts

**Specializing :**

**Resale New Housing Lot Sales and Farms**



Don't delay call now :

**Hardeep S. Bhangav**

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ
ਪਰਾਪਰਟੀ ਲਈ ਹਰਦੀਪ ਸਿੰਘ
ਭੰਗਵ ਨੂੰ ਫੋਨ ਕਰੋ

HOMELIFE BENCHMARK REALTY CORPORATION

**Ph. Off: 594-4141**

**Pager 438-2333 #1596**

**Bench Mark Realty Corp.**

10 - 6830 King George HWY. Surrey



*For any kind of PRINTING or ADVERTISING Jobs*

**Cost Cutter Advertisers**

**Phone 588 - 28 28**

☐ Business Cards ☐ Flyers
☐ Invitation Cards ☐ Coupons
☐ Wedding Cards ☐ Office Stationery

CALENDERS

Special 10% OFF our reg. price
COUPON Canada Darpan

FREE Pick up & Delivery minimum order $50.00

500 Bussiness Cards .......$21.99
5,000 Flyers (8½x11) .......$29.99

**SPECIAL LOW RATES**

for big volume printing orders for

☐ Pizza ☐ Restaurant ☐ Auto Dealers ☐ Body Shop
☐ Real Estate Agent ☐ Travel Agent ☐ Flyers etc.

FLYERS

* ask for details

# ਕੀ ਅਕਾਲੀ ਗਲਤੀਆਂ ਤੋਂ ਸਬਕ ਸਿੱਖਣਗੇ ?

—ਪਿਆਰਾ ਸਿੰਘ ਭੋਗਲ—

ਅਕਾਲੀਆਂ ਦੀ ਹਾਲਤ ਕਿੰਨੀ ਪਤਲੀ, ਤਰਸਯੋਗ ਤੇ ਹਾਸੋਹੀਣੀ ਬਣ ਗਈ ਹੈ, ਇਸ ਤਾ ਤਾਜ਼ਾ ਸਬੂਤ ਫਤਹਿਗੜ੍ਹ ਸਾਹਿਬ ਦੇ ਜੋੜ ਮੇਲੇ ਤੋਂ ਬਾਅਦ ਪਿਛਲੇ ਕਈ ਦਿਨਾਂ ਤੋਂ ਮਿਲ ਰਿਹਾ ਹੈ। ਫਤਹਿਗੜ੍ਹ ਸਾਹਿਬ (ਸਰਹੰਦ) ਵਿਚ ਹੋਏ ਜੋੜ ਮੇਲੇ ਵਿਚ ਸੰਯੁਕਤ ਅਕਾਲੀ ਦਲ ਦੀ ਸਟੇਜ ਉੱਤੇ ਕੋਈ ਸਿੱਖ ਨਵਯੁਵਕ ਗੁਰਨਾਮ ਸਿੰਘ ਪੰਦਰਾਂ ਮਿੰਟ ਭਾਸ਼ਨ ਕਰ ਗਿਆ ਤੇ ਕਾਫੀ ਪ੍ਰਸਤਾਵ ਪੜ੍ਹ ਕੇ ਸੰਗਤਾਂ ਤੋਂ ਉਨ੍ਹਾਂ ਦੇ ਹੱਕ ਵਿਚ ਹੱਥ ਖੜ੍ਹੇ ਕਰਵਾ ਗਿਆ। ਇਨ੍ਹਾਂ ਪ੍ਰਸਤਾਵਾਂ ਵਿਚ ਖਾਲਿਸਤਾਨ ਦੀ ਮੰਗ ਦਾ ਸਮਰਥਨ ਸ਼ਾਮਲ ਸੀ। ਅਖਬਾਰਾਂ ਵਿਚ ਖਬਰ ਛਪ ਗਈ। ਸੰਯੁਕਤ ਦਲ ਦੇ ਲੀਡਰਾਂ ਨੂੰ ਵਖਤ ਪੈ ਗਿਆ। ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੂੰ ਕਹਿਣਾ ਪਿਆ, ਸਾਡੀ ਮੰਗ ਸਿਰਫ "ਆਨੰਦਪੁਰ ਪ੍ਰਸਤਾਵ" ਤਕ ਸੀਮਿਤ ਹੈ। ਫੇਰ ਸੁਖਜਿੰਦਰ ਸਿੰਘ ਨੇ ਸਫਾਈ ਦਿੱਤੀ ਕਿ ਮੇਰਾ ਨਾਂ ਖਾਲਿਸਤਾਨ ਦੀ ਮੰਗ ਨਾਲ ਜੋੜ ਕੇ ਸਰਕਾਰ ਮੈਨੂੰ ਫੇਰ ਗ੍ਰਿਫਤਾਰ ਕਰਨਾ ਚਾਹੁੰਦੀ ਹੈ। ਹੁਣ, ਅਮਰਿੰਦਰ ਸਿੰਘ ਨੇ ਆਪਣੀ ਸਫਾਈ ਪੇਸ਼ ਕੀਤੀ ਹੈ ਤੇ ਨਾਲ ਹੀ ਗ੍ਰਹਿ ਮੰਤਰੀ ਸ. ਬੂਟਾ ਸਿੰਘ ਉੱਤੇ ਆਪਣਾ ਨਜ਼ਲਾ ਝਾੜਿਆ ਹੈ।


ਸੁਖਜਿੰਦਰ ਸਿੰਘ


ਪ੍ਰਕਾਸ਼ ਸਿੰਘ ਬਾਦਲ

## ਰਾਜਨੀਤਕ ਰੋਅਬ

ਸੰਯੁਕਤ ਦਲੀਆਂ ਦੇ ਬਿਆਨ ਦੱਸਦੇ ਹਨ ਕਿ ਇਹ ਨੇਤਾ ਰਾਜਨੀਤਕ ਰੋਅਬ ਗੁਆ ਬੈਠੇ ਹਨ। ਦੋ ਤਿੰਨ ਸਾਲ ਪਹਿਲਾਂ ਇਨ੍ਹਾਂ ਦੀ ਸੁਰ ਹਮਲਾ-ਕਰੂ ਹੁੰਦੀ ਸੀ, ਹੁਣ ਇਹ ਸਵੈ-ਸੁਰੱਖਿਆ ਉੱਤੇ ਆ ਗਏ ਹਨ। ਬਹੁਤਾ ਅਕਾਲੀਆਂ ਦੀ ਆਪਸੀ ਫੁੱਟ ਨੇ ਤੇ ਕੇਂਦਰ ਸਰਕਾਰ ਦੀਆਂ ਪੰਜਾਬ ਵਿਰੋਧੀ ਤੇ ਸਿੱਖੀ-ਵਿਰੋਧੀ ਨੀਤੀਆਂ ਨੇ ਇਨ੍ਹਾਂ ਦੇ ਪੈਰਾਂ ਹੇਠੋਂ ਰਾਜਨੀਤਕ ਜ਼ਮੀਨ ਖੋਹ ਲਈ ਹੈ। ਨਹੀਂ ਤਾਂ ਕਿਸ ਨੂੰ ਨਹੀਂ ਪਤਾ ਕਿ ਖਾਲਿਸਤਾਨ ਦੀ ਮੰਗ ਅਕਾਲੀਆਂ ਦੀ ਨਹੀਂ। ਕਿਸ ਨੂੰ ਨਹੀਂ ਪਤਾ ਕਿ 99 ਫੀਸਦੀ ਸਿੱਖ ਖਾਲਿਸਤਾਨ ਦੇ ਸਮਰਥਕ ਨਹੀਂ ? ਫੇਰ ਵੀ, ਤਿੰਨ ਵਾਰੀ ਮੁਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਨੂੰ, ਜੋ ਅਖਬਾਰੀ ਖਬਰਾਂ ਮੁਤਾਬਕ ਤਕਰੀਰ ਕਰਕੇ ਸਟੇਜ ਉੱਤੋਂ ਉਤਰ ਚੁੱਕੇ ਸਨ, ਇਕ ਨਵਯੁਵਕ ਦੀ ਤਕਰੀਰ ਅਤੇ ਪਾਸ ਕਰਵਾਏ ਪ੍ਰਸਤਾਵਾਂ ਬਾਰੇ, ਆਪਣੀ ਸਫਾਈ ਦੇਣ ਦੀ ਲੋੜ ਪਵੇ ? ਇਹ ਸਫਾਈ ਦੇਣ ਦੀ ਲੋੜ ਇਸ ਕਰਕੇ ਪੈ ਰਹੀ ਹੈ ਕਿਉਂਕਿ ਕੇਂਦਰ ਸਰਕਾਰ ਦੇ ਇਸ਼ਾਰੇ ਉੱਤੇ ਪੰਜਾਬ ਪ੍ਰਸ਼ਾਸਨ ਇਨ੍ਹਾਂ ਵਿਚੋਂ ਕਿਸੇ ਵੀ ਨੇਤਾ ਨੂੰ ਹੁਣ ਜਦੋਂ ਵੀ ਚਾਹੇ ਗ੍ਰਿਫਤਾਰ ਕਰਕੇ ਸਾਲ ਭਰ ਲਈ ਨਜ਼ਰਬੰਦ ਕਰ ਸਕਦਾ ਹੈ। ਇਨ੍ਹਾਂ ਦੇ ਹੱਕ ਵਿਚ ਥੋੜ੍ਹੇ ਜਿਹੇ ਇਨ੍ਹਾਂ ਦੇ ਨਿੱਜੀ ਸਮਰਥਕਾਂ ਤੋਂ ਬਿਨਾਂ ਕਿਸੇ ਨਹੀਂ ਬੋਲਣਾ। ਗ੍ਰਿਫਤਾਰੀ ਵਿਰੁਧ ਅੰਦੋਲਨ ਸ਼ੁਰੂ ਕਰਨਾ ਤਾਂ ਦੂਰ ਦੀ ਗੱਲ ਹੈ। ਪੰਜਾਬ ਤੋਂ ਬਾਹਰ, ਦਿੱਲੀ ਵਿਚ ਸਿੱਖਾਂ ਵਲੋਂ ਰੋਸ ਵਿਖਾਵੇ ਨਹੀਂ ਹੋਣੇ। ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਵਾਵੇਲਾ ਨਹੀਂ ਮਚਾਉਣਾ।


ਬਲਵੰਤ ਸਿੰਘ


ਸੁਰਜੀਤ ਸਿੰਘ ਬਰਨਾਲਾ

ਸਿਰਫ ਸੰਯੁਕਤ ਦਲੀਆਂ ਦੀ ਹੀ ਹਾਲਤ ਪਤਲੀ ਨਹੀਂ ਹੋਈ। ਬਰਨਾਲਾ ਦਲ ਦੀ ਹਾਲਤ ਵੀ ਤਰਸਯੋਗ ਤੇ ਹਾਸੋਹੀਣੀ ਹੈ। ਜ਼ਿਲਾ ਸੰਗਰੂਰ ਦੇ ਬਰਨਾਲਾ ਦਲ ਦੇ ਜ਼ਿਲਾ ਅਕਾਲੀ ਜਥੇ ਦੇ ਬਹੁਤੇ ਕਾਰਕੁਨ ਬਾਦਲ ਦਲ ਨਾਲ ਮਿਲ ਗਏ ਹਨ। ਪਟਿਆਲੇ ਜ਼ਿਲੇ ਦੇ ਜਥੇ ਵਿਚ ਵੀ ਇਉਂ ਹੀ ਹੋਇਆ। ਪਿੱਛੋਂ ਸੁਰਜੀਤ ਸਿੰਘ ਬਰਨਾਲਾ ਨੇ ਕੁਝ ਕਾਰਕੁਨ ਇਕੱਠੇ ਕਰਕੇ ਸਿੱਧ ਕੀਤਾ ਕਿ ਸੰਗਰੂਰ ਜ਼ਿਲੇ ਦੇ ਅਕਾਲੀ ਮੇਰੇ ਨਾਲ ਹਨ। ਸੱਚੀ ਗੱਲ ਇਹ ਹੈ ਕਿ ਬਹੁਤੇ ਅਕਾਲੀ ਵਰਕਰ ਬਰਨਾਲਾ ਦਲ ਛੱਡ ਕੇ ਬਾਦਲ ਦਲ ਨਾਲ ਮਿਲਣ ਲਈ ਤਿਆਰ ਹਨ। ਕਾਰਨ ਇਹ ਨਹੀਂ ਕਿ ਉਹ ਬਰਨਾਲੇ ਨਾਲੋਂ ਬਾਦਲ ਨੂੰ ਵਧੇਰੇ ਪਸੰਦ ਕਰਦੇ ਹਨ। ਕਾਰਨ ਇਹ ਹੈ ਕਿ ਬਰਨਾਲਾ ਨੇ ਉਨੀ ਮਹੀਨੇ ਸਰਕਾਰ ਚਲਾ ਕੇ ਵੀ ਪੰਜਾਬ ਲਈ ਕੁਝ ਨਹੀਂ ਪ੍ਰਾਪਤ ਕੀਤਾ; ਆਪਣਾ ਬਿੰਬ ਇਹ ਬਣਾਇਆ ਕਿ ਉਹ ਸ੍ਰੀ ਰਾਜੀਵ ਗਾਂਧੀ ਤੇ ਸ੍ਰੀ ਅਰਜਨ ਸਿੰਘ ਦੇ ਇਸ਼ਾਰੇ ਉੱਤੇ ਕੁਝ ਵੀ ਕਰਨ ਲਈ ਤਿਆਰ ਹਨ। ਸਿਰਫ ਬਲਵੰਤ ਸਿੰਘ ਜ਼ਿਲਾ ਜਲੰਧਰ ਤੇ ਜ਼ਿਲਾ ਹੁਸ਼ਿਆਰਪੁਰ ਦੇ ਲਗਪਗ ਸਭ ਅਕਾਲੀਆਂ ਨੂੰ ਅਤੇ ਜ਼ਿਲਾ ਕਪੂਰਥਲਾ ਦੇ ਕਾਫੀ ਅਕਾਲੀਆਂ ਨੂੰ ਦੂਜੇ ਪਾਸੇ ਜਾਣ ਤੋਂ ਰੋਕੀ ਰੱਖ ਸਕਦੇ ਹਨ। ਅਕਾਲੀਆਂ ਪਾਸ ਕਮਿਊਨਿਸਟ ਪਾਰਟੀਆਂ ਵਾਲਾ "ਕਾਡਰ" ਬਿਲਕੁਲ ਨਹੀਂ, ਤਾਂ ਵੀ ਅਕਾਲੀਆਂ ਪਾਸ ਬਹੁਤ ਵੱਡੀ ਗਿਣਤੀ ਵਿਚ ਖੇਤਰੀ ਜਥੇਦਾਰ ਅਤੇ ਵਰਕਰ ਹਨ। ਸੱਚੇ ਅਰਥਾਂ ਵਿਚ ਉਹ ਨਾ ਬਾਦਲ ਦਲੀਏ ਹਨ ਨਾ ਬਰਨਾਲਾ ਦਲੀਏ। ਉਹ ਅਕਾਲੀ ਹਨ। ਉਹ ਮੋਰਚਿਆਂ ਵਿਚ ਗ੍ਰਿਫਤਾਰੀਆਂ ਦਿੰਦੇ ਰਹੇ ਹਨ। ਚੋਣਾਂ ਵਿਚ ਅਕਾਲੀਆਂ ਨੂੰ ਵੋਟਾਂ ਦਿੰਦੇ ਰਹੇ ਹਨ। ਪਰ ਉਹ ਨਿਰਾਸ਼ ਹਨ। ਉਹ ਕੇਂਦਰ ਸਰਕਾਰ ਨਾਲ ਤਾਂ ਨਾਰਾਜ਼ ਹਨ ਹੀ, ਉਹ ਸਭ ਧੜਿਆਂ ਦੇ ਅਕਾਲੀ ਲੀਡਰਾਂ ਤੋਂ ਵੀ ਨਿਰਾਸ਼ ਹਨ। ਇਨ੍ਹਾਂ ਵਰਕਰਾਂ ਨੇ ਸਤੰਬਰ 1985 ਦੀ ਚੋਣ ਵਿਚ ਅਕਾਲੀਆਂ ਨੂੰ ਧੜਾ ਧੜ ਵੋਟਾਂ ਪੁਆਈਆਂ। ਇਹ ਅਕਾਲੀ ਸਰਕਾਰ ਬਣਨ ਉੱਤੇ ਪ੍ਰਸੰਨ ਹੋਏ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹੀਦੀ ਤੋਂ ਬਾਅਦ ਉਹ ਬਰਨਾਲਾ ਦੇ ਪ੍ਰਧਾਨ ਬਣਨ ਉੱਤੇ ਖੁਸ਼ ਸਨ। ਉਹ ਚਾਹੁੰਦੇ ਸਨ ਪੰਜਾਬ ਸਮਝੌਤਾ ਲਾਗੂ ਹੋਵੇ। ਪਰ ਜਦੋਂ ਸਰਕਾਰ ਬਣਨ ਉੱਤੇ ਪ੍ਰਕਾਸ਼ ਸਿੰਘ ਬਾਦਲ ਬਾਹਰ ਬੈਠੇ ਰਹੇ ਅਤੇ ਉਨ੍ਹਾਂ ਦੀ ਨਜ਼ਰ ਵਿਚ ਆਸਾਰ ਅੱਛੇ ਨਹੀਂ ਸਨ। ਜਦੋਂ 26 ਜਨਵਰੀ 1986 ਦੀ ਰਾਤ ਨੂੰ ਚੰਡੀਗੜ੍ਹ ਨਾ ਮਿਲਣ ਉੱਤੇ ਬਰਨਾਲਾ ਨੇ ਅਸਤੀਫਾ ਨਾ ਦਿੱਤਾ ਤਾਂ ਉਨ੍ਹਾਂ ਨੂੰ ਕੇਂਦਰ ਦੀ ਨੀਤੀ ਉੱਤੇ ਤਾਂ ਗੁੱਸਾ ਸੀ ਹੀ, ਆਪਣੇ ਨੇਤਾ ਤੇ ਮੁਖ ਮੰਤਰੀ ਦੀ ਕਮਜ਼ੋਰੀ ਉੱਤੇ ਵੀ ਨਾਰਾਜ਼ਗੀ ਸੀ। ਜਦੋਂ 30 ਅਪ੍ਰੈਲ 1986 ਨੂੰ ਖਾਲਿਸਤਾਨ ਦੀ ਸਥਾਪਨਾ ਦੇ ਐਲਾਨ ਉੱਤੇ ਬਰਨਾਲਾ ਨੇ ਹਰਿਮੰਦਰ ਸਾਹਿਬ ਵਿਚ ਪੁਲੀਸ ਭੇਜ ਦਿੱਤੀ ਅਤੇ ਰੋਸ ਵਜੋਂ ਅਮਰਿੰਦਰ ਸਿੰਘ ਤੇ ਸੁਖਜਿੰਦਰ ਸਿੰਘ ਨੇ ਅਸਤੀਫੇ ਦੇ ਦਿੱਤੇ ਤੇ ਪ੍ਰਕਾਸ਼ ਸਿੰਘ ਬਾਦਲ ਨੇ ਵੱਖਰਾ ਅਕਾਲੀ ਦਲ ਬਣਾ ਲਿਆ ਤਾਂ ਅਕਾਲੀ ਵਰਕਰਾਂ ਤੇ ਸਮਰਥਕਾਂ ਨੂੰ ਨਾ ਬਰਨਾਲਾ ਚੰਗਾ ਲੱਗਿਆ, ਨਾ ਬਾਦਲ। ਜੋ ਕੁਝ ਹੋ ਰਿਹਾ ਸੀ, ਇਹ ਨਾ ਪੰਥ ਲਈ ਸੀ ਨਾ ਦੇਸ਼ ਲਈ। ਸਿਰਫ ਮੁਖ ਮੰਤਰੀ ਦੀ ਪਦਵੀ ਸੁਰੱਖਿਅਤ ਰੱਖਣ ਜਾਂ ਖੋਹਣ ਲਈ ਹੋ ਰਿਹਾ ਸੀ।

ਕਈ ਕਹਿੰਦੇ ਹਨ, ਸ. ਸੁਰਜੀਤ ਸਿੰਘ ਬਰਨਾਲਾ ਨੇ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦਾ ਹੁਕਮ ਨਾ ਮੰਨ ਕੇ ਗਲਤੀ ਕੀਤੀ; ਪੰਥ ਵਿਚੋਂ ਛੇਕੇ ਗਏ। ਗੁਸਤਾਖੀ ਮੁਆਫ। ਪ੍ਰੋ: ਦਰਸ਼ਨ ਸਿੰਘ ਨੂੰ ਆਪਣੀ ਅਕਾਲ ਤਖਤ ਛੱਡ ਕੇ ਜ਼ੀਰਕਪੁਰ ਬੈਠਣਾ ਪਿਆ। ਅਕਾਲ ਤਖਤ ਦਾ ਹੁਕਮ ਸੱਚਮੁਚ ਕੌਣ ਮੰਨਦਾ ਹੈ ? ਖਾੜਕੂ ਕਹਿੰਦੇ ਹਨ, ਸਾਡਾ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਹੈ। ਜਿਨ੍ਹਾਂ ਨੇ ਪ੍ਰੋ. ਦਰਸ਼ਨ ਸਿੰਘ ਦੇ ਹੁਕਮ ਉੱਤੇ ਉਦੋਂ ਅਸਤੀਫੇ ਦਿੱਤੇ ਕੀ ਉਹ ਹੁਣ ਮਾਨੋਚਾਹਲ ਦਾ ਹੁਕਮ ਵੀ ਮੰਨਣਗੇ ? ਅਸਲ ਗੱਲ ਇਹ ਹੈ ਕਿ ਸਿੱਖਾਂ ਦੇ ਸਾਰੇ ਧਾਰਮਿਕ ਤੇ ਰਾਜਨੀਤਕ ਧੜੇ "ਸਿੱਖ ਧਾਰਮਿਕ ਸੰਸਥਾਵਾਂ" ਸਮੇਤ ਸ੍ਰੀ ਅਕਾਲ ਤਖਤ ਦੇ ਹੁਕਮਾਂ ਤੇ ਪ੍ਰੰਪਰਾਵਾਂ ਦਾ ਸੱਚੇ ਅਰਥਾਂ ਵਿਚ ਪਾਲਣ ਨਹੀਂ ਕਰ ਰਹੇ; ਸਿਰਫ ਉਹ ਹੁਕਮ ਤੇ ਪ੍ਰੰਪਰਾਵਾਂ ਮੰਨ ਰਹੇ ਹਨ, ਜੋ ਉਨ੍ਹਾਂ ਨੂੰ ਆਪ ਪਸੰਦ ਹਨ। ਇਸੇ ਕਰਕੇ ਅਕਾਲ ਤਖਤ ਦੇ ਜਥੇਦਾਰ ਵੀ ਇਕ ਤੋਂ ਵੱਧ ਹਨ। ਬਰਨਾਲੇ ਦੀ ਅਸਲ ਗਲਤੀ ਇਹ ਸੀ ਕਿ ਮੁਖ ਮੰਤਰੀ ਦੀ ਪਦਵੀ ਬਚਾਉਂਦਿਆਂ ਬਚਾਉਂਦਿਆਂ ਆਪਣੀ "ਰਾਜਨੀਤਕ ਤਾਕਤ" ਗੁਆ ਲਈ, ਆਪਣੀ ਪਾਰਟੀ ਕਮਜ਼ੋਰ ਕਰ ਲਈ। ਪ੍ਰਕਾਸ਼ ਸਿੰਘ ਬਾਦਲ ਨੇ ਸਰਕਾਰ ਤੋਂ ਬਾਹਰ ਰਹਿ ਕੇ ਅਤੇ ਹੁਣ ਇਕ ਸਾਲ ਜੇਲ੍ਹ ਕੱਟ ਕੇ ਬਰਨਾਲਾ ਨਾਲੋਂ ਆਪਣੀ ਰਾਜਨੀਤਕ ਸਥਿਤੀ ਬਿਹਤਰ ਬਣਾਈ ਰੱਖੀ। ਇਸੇ ਕਰਕੇ ਬਰਨਾਲਾ ਦਲੀਏ ਬਾਦਲ ਦਲ ਵਿਚ ਜਾਣ ਲਈ ਤਿਆਰ ਹਨ। ਤਾਂ ਵੀ ਜਿਵੇਂ ਸ਼ੁਰੂ ਵਿਚ ਦੱਸ ਆਏ ਹਾਂ, ਬਾਦਲ ਦਾ ਰਾਜਨੀਤਕ ਰੋਅਬ ਵੀ ਬਹੁਤ ਘਟਿਆ ਹੋਇਆ ਹੈ। ਕਿਉਂਕਿ ਹੁਣ ਉਹ ਸਮੁੱਚੇ ਅਕਾਲੀਆਂ ਦੇ ਨੇਤਾ ਨਹੀਂ, ਅਕਾਲੀਆਂ ਦੇ ਇਕ ਛੋਟੇ ਧੜੇ ਦੇ ਨੇਤਾ ਰਹਿ ਗਏ ਹਨ। ਖਾੜਕੂ ਸਿੱਖ ਨੌਜਵਾਨ ਤਾਂ ਬਰਨਾਲਾ-ਬਾਦਲ-ਟੌਹੜਾ ਸਭ ਨੂੰ ਪੰਥ ਦੇ ਗਦਾਰ ਮੰਨਦੇ ਹਨ। ਭਾਰਤ ਸਰਕਾਰ ਅਤੇ ਪੰਜਾਬ ਤੋਂ ਬਾਹਰਲੇ ਬਹੁਤੇ ਲੋਕਾਂ ਲਈ ਹੁਣ ਪੰਜਾਬ ਵਿਚ ਅਤਿਵਾਦੀ ਅੰਸ਼ ਹੀ "ਅਰਥ" ਰੱਖਦੇ ਹਨ, ਬਰਨਾਲਾ-ਬਾਦਲ ਨਹੀਂ।

## ਪੰਜਾਬ ਦਾ ਪੱਖ

ਅਕਾਲੀਆਂ ਨੂੰ ਆਪਣੀਆਂ ਗਲਤੀਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਅਕਾਲੀਆਂ ਬਾਰੇ ਵਾਰ ਵਾਰ ਲਿਖਣ ਦੀ ਲੋੜ ਇਸ ਕਰਕੇ ਪੈ ਰਹੀ ਹੈ, ਕਿਉਂਕਿ ਪੰਜਾਬ ਦੇ ਪੱਖ ਲੈ ਸਕਣ ਵਾਲੇ ਸਿਰਫ ਅਕਾਲੀ ਹੀ ਹਨ। ਕਮਿਊਨਿਸਟ ਪਾਰਟੀਆਂ ਠੀਕ ਸਟੈਂਡ ਲੈਂਦੀਆਂ ਹਨ ਪਰ ਉਨ੍ਹਾਂ ਦੀ ਸਮਰਥਾ ਬਹੁਤ ਘੱਟ ਹੈ। ਪੰਜਾਬ ਨੂੰ ਪੰਜਾਬ-ਪੱਖੀ ਪਾਰਟੀ ਦੀ ਸਖਤ ਲੋੜ ਹੈ। ਪੰਜਾਬ ਦੀਆਂ ਆਰਥਿਕ ਸਮੱਸਿਆਵਾਂ ਹੀ ਨਹੀਂ, ਸਭਿਆਚਾਰਕ ਤੇ ਰਾਜਨੀਤਕ ਸਮੱਸਿਆਵਾਂ ਪਹਿਲਾਂ ਨਾਲੋਂ ਵਧੇਰੇ ਗੁੰਝਲਦਾਰ ਹੋ ਗਈਆਂ ਹਨ। ਇਨ੍ਹਾਂ ਸਮੱਸਿਆਵਾਂ ਦਾ ਇਲਾਜ ਕੋਈ ਐਸੀ ਤਕੜੀ ਖੇਤਰੀ ਪਾਰਟੀ ਹੀ ਕਰਵਾ ਸਕਦੀ ਹੈ, ਜੋ ਭਾਰਤ ਦੀ ਏਕਤਾ ਦਾ ਸਮਰਥਨ ਕਰਦੀ ਹੋਈ "ਸਥਿਰ ਪੰਜਾਬ ਸਰਕਾਰ" ਬਣਾਵੇ ਤੇ ਚਲਾਵੇ। ਪੰਜਾਬ ਹੀ ਨਹੀਂ, ਹਰ ਸੂਬੇ ਦੀਆਂ ਸਥਾਨਕ ਸਮਸਿਆਵਾਂ ਖੇਤਰੀ ਸਰਕਾਰਾਂ ਹੀ ਹੱਲ ਕਰ ਸਕਦੀਆਂ ਹਨ, ਜੋ ਕੇਂਦਰ ਤੋਂ ਆਪਣਾ ਹੱਕ ਲੈ ਕੇ ਆਪਣੇ ਆਪਣੇ ਇਲਾਕੇ ਦੇ ਵਿਕਾਸ ਲਈ ਦ੍ਰਿੜ੍ਹਤਾ ਨਾਲ ਕੰਮ ਕਰਨ। ਪੰਜਾਬ ਵਿਚ ਜੜ੍ਹਾਂ ਨਾਲ ਜੁੜੀ ਹੋਈ ਤਕੜੀ ਤਾਕਤ ਅਕਾਲੀ ਹੀ ਹਨ ਪਰ ਜੋ ਧੜਿਆਂ ਵਿਚ ਵੰਡੇ ਹੋਏ ਹਨ। ਬਰਨਾਲਾ ਤੇ ਬਾਦਲ ਧੜਿਆਂ ਦਾ ਹੀ ਝਗੜਾ ਨਹੀਂ, ਸੰਯੁਕਤ ਦਲ ਦੇ ਅੰਦਰ ਵੀ ਬਾਬਾ ਜੁਗਿੰਦਰ ਸਿੰਘ ਦੇ ਵਫਾਦਾਰ ਅੰਸ਼ ਅਮਰਿੰਦਰ ਸਿੰਘ ਨਾਲ ਮਿਲਕੇ ਜਥੇਦਾਰ ਸੇਖਵਾਂ ਦੇ ਬਣਾਏ ਜ਼ਿਲਾ ਜਥੇ ਢੁਹਾਉਣਾ ਚਾਹੁੰਦੇ ਹਨ। ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਦੇ ਨਿੱਜੀ ਤੌਰ 'ਤੇ ਵਫਾਦਾਰ ਵਰਕਰ ਹਰ ਜ਼ਿਲੇ ਵਿਚ ਹੈ ਹੀ ਨਹੀਂ; ਉਨ੍ਹਾਂ ਦੇ ਨਿੱਜੀ ਵਫਾਦਾਰ ਸਿਰਫ ਜ਼ਿਲਾ ਫਰੀਦਕੋਟ ਤੇ ਜ਼ਿਲਾ ਫਿਰੋਜ਼ਪੁਰ ਵਿਚ ਹਨ, ਦੂਜੇ, ਉਂਜ ਵੀ ਉਹ ਮੁਖ ਮੰਤਰੀ ਦੇ ਤੌਰ 'ਤੇ "ਸਰਬ-ਸਾਂਝੇ ਅਕਾਲੀ ਨੇਤਾ" ਬਣੇ ਰਹੇ, ਇਸ ਕਰਕੇ ਉਹ ਜ਼ਿਲਾ ਜਥਿਆਂ ਦਾ ਸੰਗਠਨ ਠੀਕ ਤਰ੍ਹਾਂ ਕਰਵਾ ਹੀ ਨਹੀਂ ਸਕਦੇ, ਤਾਂ ਵੀ ਜ਼ਿਲਾ ਜਥਿਆਂ ਦਾ ਗਠਨ ਜਾਂ ਪੁਨਰਗਠਨ ਉਨ੍ਹਾਂ ਲਈ ਸਿਰਦਰਦੀ ਬਣਿਆ ਹੋਇਆ ਹੈ।

ਅਕਾਲੀ ਪਾਰਟੀ ਦਾ, ਸਮੁੱਚੇ ਸਿੱਖ ਭਾਈਚਾਰੇ ਦਾ ਅਤੇ ਪੰਜਾਬ ਦਾ ਬਚਾਓ ਹਾਲ ਦੀ ਘੜੀ, ਇਸੇ ਗੱਲ ਵਿਚ ਹੈ ਕਿ ਪੁਰਾਣਾ ਅਕਾਲੀ ਦਲ ਸੰਗਠਤ ਹੋਵੇ। 1980 ਵਾਲੇ ਅਕਾਲੀ ਡੈਲੀਗੇਟਾਂ ਦੀ ਜਨਰਲ ਇਕੱਤਰਤਾ ਹੋਵੇ। ਉਹ ਆਪਣਾ ਪ੍ਰਧਾਨ ਚੁਣਨ। ਇਹ ਪ੍ਰਧਾਨ ਪੰਜਾਬ ਵਿਧਾਨ ਸਭਾ ਅਕਾਲੀ ਪਾਰਟੀ ਦੀ ਇਕੱਤਰਤਾ ਮੁੜ ਕੇ ਬੁਲਾਵੇ। ਪਾਰਟੀ ਦਾ ਨੇਤਾ ਮੁੜ ਕੇ ਚੁਣੇ। ਅਕਾਲੀਆਂ ਨੂੰ ਇਕ ਨਵੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਲੋੜ ਹੈ, ਜੋ ਮੁਖ ਮੰਤਰੀ ਜਾਂ ਮੰਤਰੀ ਬਣਨ ਦਾ ਇਛਕ ਨਾ ਹੋਵੇ ਪਰ ਪਾਰਟੀ ਚਲਾ ਸਕੇ। ਬਾਦਲ, ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ, ਰਵੀਇੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਸਾਰੇ ਮੰਤਰੀ ਤੇ ਮੁਖ ਮੰਤਰੀ ਪਦ ਦੇ ਉਮੀਦਵਾਰ ਹਨ। ਇਨ੍ਹਾਂ ਵਿਚੋਂ ਇਕ ਵੀ ਜੇ ਇਹ ਪ੍ਰਤਿੱਗਿਆ ਕਰ ਲਵੇ ਕਿ ਅਗਲੇ ਪੰਜ ਸਾਲ ਮੁਖ ਮੰਤਰੀ ਜਾਂ ਮੰਤਰੀ ਪਦ ਦਾ ਉਮੀਦਵਾਰ ਨਹੀਂ ਬਣਾਂਗਾ ਤਾਂ ਉਹ ਅਕਾਲੀ ਲੀਡਰਸ਼ਿਪ ਦਾ ਖਿਲਾਅ ਪੂਰ ਸਕਦਾ ਹੈ।

## ਤਰਜਮਾਨ

ਲੋੜ ਸੰਗਠਤ ਅਕਾਲੀ ਪਾਰਟੀ ਦੀ ਹੀ ਨਹੀਂ, ਕੇਂਦਰ ਉੱਤੇ ਦਬਾਓ ਪਾ ਕੇ ਸਿੱਖ ਭਾਈਚਾਰੇ ਦੀਆਂ ਅਤੇ ਪੰਜਾਬ ਦੀਆਂ ਮੰਗਾਂ ਮੰਨਵਾਉਣ ਦੀ ਹੈ। ਜੇ ਇਹ ਮੰਗਾਂ ਨਾ ਮੰਨਵਾਈਆਂ ਗਈਆਂ ਤਾਂ ਪੰਜਾਬ ਵਿਚੋਂ ਅਤਿਵਾਦ ਤੇ ਵੱਖਵਾਦ ਦੀ ਸਮੱਸਿਆ ਹੱਲ ਨਹੀਂ ਹੋਣੀ। ਨੌਜਵਾਨਾਂ ਉੱਤੇ ਅਤਿ ਦੀ ਸਖਤੀ ਕਰਕੇ "ਅਤਿਵਾਦੀ" ਤਾਂ ਕਾਬੂ ਆ ਸਕਦੇ ਹਨ, ਸਿੱਖ ਮਾਨਸਿਕਤਾ ਦੀ ਨਾਰਾਜ਼ਗੀ ਨਹੀਂ ਦੂਰ ਹੋ ਸਕਦੀ। ਇਕ ਸਾਲ ਜੇਲ੍ਹਾਂ ਵਿਚ ਰਹਿ ਕੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਜਿੰਦਰ ਸਿੰਘ ਨੇ ਅਤੇ ਉਨੀ ਮਹੀਨੇ ਸਰਕਾਰ ਚਲਾ ਕੇ ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਸਿੰਘ ਨੇ ਦੇਖ ਲਿਆ ਹੋਵੇਗਾ ਕਿ ਇਕੱਲਿਆਂ ਇਕੱਲਿਆਂ ਕੇਂਦਰ ਸਰਕਾਰ ਨੂੰ ਉਨ੍ਹਾਂ ਦੀ ਬਹੁਤੀ ਪ੍ਰਵਾਹ ਨਹੀਂ। ਇਥੋਂ ਤੱਕ ਕਿ ਜੇ ਇਕ ਪਾਸੇ ਸਿੱਖ ਨੌਜਵਾਨ ਆਪਣਾ ਹਿੰਸਕ ਅੰਦੋਲਨ ਚਲਾਈ ਜਾਣ ਅਤੇ ਦੂਜੇ ਪਾਸੇ ਅਕਾਲੀ ਆਪੋ ਵਿਚੀ ਲੜੀ ਜਾਣ ਤਾਂ ਵੀ ਕੇਂਦਰ ਸਰਕਾਰ ਨੂੰ ਸਿੱਖ ਭਾਈਚਾਰੇ ਦੀ ਗੱਲ ਸੁਣਨ ਦੀ ਬਹੁਤੀ ਕਾਹਲ ਨਹੀਂ। ਸਮੱਸਿਆ ਦਾ ਹੱਲ ਇਹ ਹੀ ਹੈ ਕਿ ਅਕਾਲੀ ਪੰਜਾਬ ਦੇ ਐਹੋ ਜਿਹੇ ਸੰਗਠਤ ਤੇ ਦਲੇਰ ਤਰਜਮਾਨ ਬਣਨ ਕਿ ਨਾਰਾਜ਼ ਸਿੱਖ ਭਾਈਚਾਰੇ ਨੂੰ ਮਹਿਸੂਸ ਹੋਵੇ ਕਿ ਸਾਡੀ ਆਵਾਜ਼ ਜ਼ੋਰਦਾਰ ਹੈ। 1985 ਦੇ ਅਖੀਰ ਵਿਚ ਤੇ 1986 ਦੇ ਸ਼ੁਰੂ ਵਿਚ ਅਕਾਲੀ ਇਹੋ ਜਿਹੇ ਤਰਜਮਾਨ ਬਣੇ ਸਨ। ਉਦੋਂ ਪੰਜਾਬ ਵਿਚ ਹਿੰਸਾ ਰੁਕ ਗਈ ਸੀ। ਪੰਜਾਬ ਵਿਚ ਹਿੰਸਾ ਰੁਕਣੀ ਚਾਹੀਦੀ ਹੈ। ਸਿੱਖ ਨੌਜਵਾਨ ਸ਼ਾਂਤ ਹੋਣੇ ਚਾਹੀਦੇ ਹਨ ਪਰ ਅੱਜ ਦੇ ਹਾਲਾਤ ਵਿਚ ਇਕਮੁੱਠ ਹੋਇਆ ਅਕਾਲੀ ਦਲ ਹੀ ਇਸ ਗੱਲ ਲਈ ਯੋਗ ਹਾਲਾਤ ਪੈਦਾ ਕਰ ਸਕਦਾ ਹੈ। ਕੀ ਅਕਾਲੀ ਨੇਤਾ ਕੁਝ-ਸਿਆਣਪ ਤੋਂ ਕੰਮ ਲੈਣਗੇ ?

# ਅਕਾਲੀ ਦਲਾਂ ਦੀ ਸਿਆਸਤ ਤੇ ਦਲਬਦਲੀ

—ਸੁਖਦੇਵ ਸਿੰਘ ਪਟਵਾਰੀ—

ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੇ ਅਕਾਲੀ ਦਲ (ਲੌਂ:) ਦੀਆਂ ਕਈ ਜ਼ਿਲਾ ਇਕਾਈਆਂ ਵਲੋਂ ਦਲ-ਬਦਲੀ ਕਰਕੇ ਸਾਂਝੇ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਖਬਰ ਆਉਣ ਵਾਲੇ ਸਮੇਂ 'ਚ ਬਰਨਾਲਾ ਦਲ ਲਈ ਕਸੂਤੀ ਸਥਿਤੀ ਪੈਦਾ ਕਰਨ ਵਾਲੀ ਕਹੀ ਜਾ ਸਕਦੀ ਹੈ। ਇਨ੍ਹਾਂ ਇਕਾਈਆਂ ਵਲੋਂ ਦਿੱਤੀ ਸੇਧ 'ਚ ਹੁਣ ਆਉਣ ਵਾਲੇ ਦਿਨਾਂ 'ਚ ਹੋਰ ਇਕਾਈਆਂ ਦੇ ਚੱਲਣ ਦੀ ਵੀ ਸੰਭਾਵਨਾ ਹੈ। ਇਸ ਘਟਨਾਂ ਨੇ ਸਾਂਝੇ ਅਕਾਲੀ ਦਲ ਵਿਚ ਖੁਸ਼ੀ ਦੀ ਲਹਿਰ ਫੈਲਾਉਣੀ ਹੈ ਤੇ ਬਰਨਾਲਾ ਦਲ 'ਚ ਨਿਰਾਸ਼ਤਾ ਦੀ। ਭਾਵੇਂ ਇਹ ਗੱਲ ਪੰਜਾਬ ਦੀ ਸਿਆਸਤ ਵਿਚ ਨਵੀਂ ਨਹੀਂ, ਫੇਰ ਵੀ ਫੌਰੀ ਪ੍ਰਸੰਗ 'ਚ ਇਸ ਘਟਨਾ ਦੇ ਅਸਰ ਨੂੰ ਪੰਜਾਬ ਵਿਚਲੀ ਹਾਲਤ ਨਾਲ ਜੋੜ ਕੇ ਵਿਚਾਰਨਾ ਠੀਕ ਹੋਵੇਗਾ। ਬਰਨਾਲਾ ਦਲ ਦੀ ਹਾਲਤ ਇਥੇ ਤਕ ਕਿਉਂ ਪਹੁੰਚੀ ? ਇਹ ਇਸ ਗਰੁਪ ਦੀ ਪਿਛਲੇ ਸਮੇਂ ਤੋਂ ਕੇਂਦਰ ਪ੍ਰਤੀ ਧਾਰਨ ਕੀਤੀ ਨੀਤੀ ਅਤੇ ਇਸ ਗਰੁਪ ਵਲੋਂ ਪੰਜਾਬ 'ਚ ਕੀਤੇ ਅਮਲ ਦਾ ਸਿੱਟਾ ਹੈ। ਇਸ ਦੇ ਨਾਲ ਹੀ ਇਹ ਵੀ ਵਿਚਾਰਨਾ ਜ਼ਰੂਰੀ ਹੈ ਕਿ ਕੀ ਸਾਂਝਾ ਅਕਾਲੀ ਦਲ ਆਪਣੇ ਪਿਛਲੇ ਅਮਲ ਰਾਹੀਂ ਸੱਚਮੁਚ ਹੀ ਇਕ ਸੱਚੇ ਸੁੱਚੇ ਤੇ ਪੰਜਾਬ ਦੇ ਪਹਿਰੇਦਾਰ ਵਜੋਂ ਕਾਂਗਰਸ ਦੇ ਡਟਵੇਂ ਵਿਰੋਧੀ ਵਜੋਂ ਸਥਾਪਤ ਹੋ ਚੁਕਿਆ ਹੈ ? ਕੀ ਇਹ ਦਲ ਬਰਨਾਲਾ ਦਲ ਦੀਆਂ ਕੁਰੀਤੀਆਂ ਤੋਂ ਰਹਿਤ ਹੈ ? ਕੀ ਇਹ ਦਲ ਆਉਣ ਵਾਲੇ ਸਮੇਂ 'ਚ ਪੰਜਾਬ ਦੀ ਸਿਆਸੀ ਹਾਲਤ ਦਾ ਢੁੱਕਵਾਂ ਹੱਲ ਦੇਣ ਯੋਗ ਹੈ ?

## ਕਾਰਗੁਜ਼ਾਰੀ

ਲੰਬੇ ਦਾਅ ਤੋਂ ਦੇਖਿਆਂ ਇਹ ਦਲਬਦਲੀ ਸਾਂਝੇ ਅਕਾਲੀ ਦਲ ਦੀ ਵਧੀਆ ਕਾਰਗੁਜ਼ਾਰੀ ਅਤੇ ਬਰਨਾਲਾ ਦਲ ਦੀ ਮਾੜੀ ਕਾਰਗੁਜ਼ਾਰੀ ਦਾ ਸਿੱਟਾ ਨਹੀਂ ਕਹੀ ਜਾ ਸਕਦੀ ਸਗੋਂ ਇਹ ਪੰਜਾਬ ਦੇ ਸਿਆਸੀ ਹਲਕਿਆਂ ਵਿਚ ਕੇਂਦਰ ਵਲੋਂ ਅਗਲੀ ਮਾਰਚ 'ਚ ਕਰਵਾਈਆਂ ਜਾ ਰਹੀਆਂ ਚੋਣਾਂ ਦੀਆਂ ਕਿਆਸ ਅਰਾਈਆਂ ਦੇ ਪ੍ਰਚਾਰ ਦਾ ਅਤੇ ਸਾਂਝੇ ਦਲ ਦੇ ਗੱਦੀ 'ਤੇ ਕਾਬਜ਼ ਹੋਣ ਦੀ ਆਸ ਦਾ ਅਮਲੀ ਸਿੱਟਾ ਹੈ। ਆਉਣ ਵਾਲੇ ਦਿਨਾਂ 'ਚ ਇਸ ਦਲਬਦਲੀ ਵਾਲੇ ਰੁਝਾਨ ਦੇ ਹੱਕ 'ਚ ਤੇ ਵਿਰੋਧ 'ਚ ਬਿਆਨਬਾਜ਼ੀ ਹੋਣ ਦੀ ਸੰਭਾਵਨਾ ਹੈ ਅਤੇ ਬਰਨਾਲਾ ਦਲ 'ਚੋਂ ਅਜੇ ਹੋਰ ਬੰਦਿਆਂ ਦੇ ਸਾਂਝੇ ਦਲ 'ਚ ਆਉਣ ਦੀ ਸੰਭਾਵਨਾ ਹੈ। ਸਾਂਝੇ ਦਲ ਦੇ ਐਲਾਨ ਅਨੁਸਾਰ ਇਹ ਉਸ ਵਲੋਂ ਅਪਣਾਈ ਦੋ ਪੜਾਵੀ ਨੀਤੀ ਦੀ ਜਿੱਤ ਕਹੀ ਜਾਵੇਗੀ ਤੇ ਬਰਨਾਲਾ ਦਲ ਉਨ੍ਹਾਂ ਨੂੰ ਨਿਰਾਸ਼ ਤੱਤ ਕਹਿ ਕੇ ਭੰਡਣ ਦਾ ਪ੍ਰਚਾਰ ਕਰੇਗਾ ਪਰ ਇਸ ਸਾਰੀ ਅਸਲੀਅਤ ਨੂੰ ਜਾਨਣ ਲਈ ਇਨ੍ਹਾਂ ਦੋਹਾਂ ਦਲਾਂ ਦੇ ਪਿਛੋਕੜ ਉਪਰ ਝਾਤ ਮਾਰਨੀ ਜ਼ਰੂਰੀ ਹੈ।

ਉਂਜ ਤਾਂ ਭਾਰਤੀ ਸਿਆਸਤ 'ਚ ਫੈਲੇ ਭ੍ਰਿਸ਼ਟਾਚਾਰ ਦਾ ਕ੍ਰਿਸ਼ਮਾ ਹੀ ਇਹ ਹੈ ਕਿ ਇਹ ਆਪਣੀ ਤਾਕਤ ਨਾਲ ਰਾਤੋ ਰਾਤ ਕਿਸੇ ਨੂੰ ਗੱਦੀ ਤੋਂ ਲਾਹ ਸਕਦਾ ਹੈ ਤੇ ਕਿਸੇ ਨੂੰ ਬਿਠਾ ਸਕਦਾ ਹੈ। ਪੈਸਾ ਤੇ ਕੁਰਸੀ ਦੀ ਲਾਲਸਾ ਏਨੀ ਵਿਆਪਕ ਤਾਕਤ ਗ੍ਰਹਿਣ ਕਰ ਚੁਕੀ ਹੈ ਕਿ ਕੋਈ ਵੀ ਸਿਆਸਤਦਾਨ ਇਸ ਅੱਗੇ ਅੜਨ ਦੀ ਜੁਰਅਤ ਨਹੀਂ ਰੱਖਦਾ। ਆਪਣੇ ਨਿੱਜੀ ਹਿੱਤਾਂ ਲਈ ਕੋਈ ਵੀ ਪਾਰਟੀ, ਸਿਆਸੀ ਨੇਤਾ, ਦੇਸ਼ ਕੌਮ ਤੇ ਮਨੁੱਖੀ ਭਾਈਚਾਰੇ ਨੂੰ ਦਾਅ 'ਤੇ ਲਾ ਸਕਦਾ ਹੈ। ਇਕ ਦਿਨ ਪਹਿਲਾਂ ਉਹ ਪਾਰਟੀ ਦਾ ਸਭ ਤੋਂ ਵੱਧ ਜੀ ਹਜ਼ੂਰੀਆ ਹੋਵੇਗਾ ਤੇ ਦੂਜੇ ਦਿਨ ਉਹ ਉਸ ਪਾਰਟੀ ਤੇ ਉਸ ਦੇ ਨੇਤਾਵਾਂ ਨੂੰ ਭੰਡਣ 'ਚ ਸਭ ਤੋਂ ਅਗਲੇ ਹੀ ਨਹੀਂ, ਸਿਰਕੱਢ ਬੰਦਿਆਂ 'ਚ ਹੋ ਸਕਦਾ ਹੈ। ਇਕ ਦਿਨ ਪਹਿਲਾਂ ਉਹ ਦਲਬਦਲੀ ਕਰਕੇ ਜਾਣ ਵਾਲੀ ਪਾਰਟੀ ਨੂੰ ਤਾਨਾਸ਼ਾਹ ਕਹਿ ਕੇ ਭੰਡ ਰਿਹਾ ਹੁੰਦਾ ਹੈ ਤੇ ਦੂਜੇ ਦਿਨ ਹੀ ਛੱਡੀ ਹੋਈ ਪਾਰਟੀ ਨੂੰ ਸਭ ਤੋਂ ਵੱਧ ਤਾਨਾਸ਼ਾਹ ਤੇ ਪਿਛਾਂਹ-ਖਿਚੂ ਪਾਰਟੀ ਦਾ ਰੁਤਬਾ ਦੇ ਕੇ ਦੂਜੀ ਪਾਰਟੀ ਨੂੰ ਜਮਹੂਰੀ ਤੇ ਅਗਾਂਹਵਧੂ ਹੋਣ ਦਾ ਲਾਇਸੈਂਸ ਦੇ ਸਕਦਾ ਹੈ। ਆਪਣੀ ਪਹਿਲੀ ਪਾਰਟੀ ਦੇ ਖਿਲਾਫ ਲੜਾਈ ਦੀ ਗੁਰਜ ਆਪਣੇ ਹੱਥ ਲੈਣ ਦਾ ਦਿਖਾਵਾ ਵੀ ਕਰੇਗਾ ਤਾਂ ਕਿ ਇਸ ਦੇ ਸਿਰ 'ਤੇ ਉਹ ਨਵੀਂ ਪਾਰਟੀ 'ਚ ਕੁਝ ਮਾਣ ਤਾਣ ਹਾਸਲ ਕਰ ਲਵੇ। ਪਰ ਅਸਲੀਅਤ ਇਹ ਹੁੰਦੀ ਹੈ ਕਿ ਨਾ ਉਸ ਨੇ ਪਹਿਲੀ ਪਾਰਟੀ ਦੀਆਂ ਨੀਤੀਆਂ 'ਚ ਕੋਈ ਯੋਗਦਾਨ ਪਾਇਆ ਹੁੰਦਾ ਹੈ ਤੇ ਨਾ ਦੂਜੀ 'ਚ ਜਾ ਕੇ ਕੋਈ ਯੋਗਦਾਨ ਪਾਉਣਾ ਹੁੰਦਾ ਹੈ। ਭਾਰਤੀ ਸਿਆਸਤ ਵਿਚ ਫੈਲੀ ਇਸ ਬੀਮਾਰੀ ਤੋਂ ਅਕਾਲੀ ਦਲ (ਲੌਂ:) ਵਿਚੋਂ ਦਲ ਬਦਲੀ ਕਰਕੇ ਗਈ ਇਹ ਇਕਾਈ ਵੀ ਬਰੀ ਨਹੀਂ ਹੋ ਸਕਦੀ।

ਬਿਨਾਂ ਸ਼ੱਕ ਅਕਾਲੀ ਦਲ ਲੌਂਗੋਵਾਲ ਦਾ ਪਿਛਲਾ ਅਮਲ ਮਾੜਾ ਹੈ। ਇਸ ਦਲ ਨੇ ਆਪਣੀ ਕੁਰਸੀ ਬਚਾਉਣ ਲਈ ਸਿਰੇ ਦੀ ਹੱਦ ਤੱਕ ਕੇਂਦਰ ਅਗੇ ਅੱਡੀਆਂ ਰਗੜੀਆਂ। ਦਿੱਲੀ ਤੋਂ ਆਉਂਦੇ ਹਰੇਕ ਫੁਰਮਾਨ ਨੂੰ ਜੀ ਆਇਆਂ ਕਹਿ ਕੇ ਸਿਰ ਮੱਥੇ ਕਬੂਲ ਕੀਤਾ। ਪੰਜਾਬ ਸਮਝੌਤੇ ਨੂੰ ਲਾਗੂ ਕਰਾਉਣ ਲਈ ਸ਼ਬਦੀ ਰੱਟ ਦੁਹਰਾਈ ਕਰਦਿਆਂ ਇਸ ਦਲ ਨੇ ਕੇਂਦਰ ਦੀਆਂ ਨੀਤੀਆਂ ਉਪਰ ਜੀ ਜਾਨ ਨਾਲ ਅਮਲ ਕੀਤਾ। ਕੇਂਦਰ ਖਿਲਾਫ ਰੋਸ ਪ੍ਰਗਟ ਕਰਨ ਦੀ ਇਸ ਦਲ ਦੀ ਸਮਰਥਾ ਏਸ ਹੱਦ ਤੱਕ ਗ੍ਰਹਿਣੀ ਜਾ ਚੁਕੀ ਸੀ ਕਿ ਇਹ ਦਲ ਪੰਜਾਬ ਦੀਆਂ ਮੰਗਾਂ ਬਾਰੇ ਵੀ ਕੋਈ ਸਰਗਰਮੀ ਕਰਨ ਤੋਂ ਡਰਦਾ ਰਿਹਾ।

ਮਿਸਾਲ ਵਜੋਂ ਮਾਘੀ ਦੇ ਮੇਲੇ ਤੋਂ ਪਹਿਲਾਂ ਕੇਂਦਰ ਨੂੰ ਦਿੱਤੇ "ਅਲਟੀਮੇਟਮ" ਅਤੇ ਬਰਨਾਲਾ ਵਲੋਂ "ਅਲਟੀਮੇਟਮ" ਦੀ ਖਬਰ ਦਾ ਖੰਡਨ ਕਰਦਾ ਵੀ ਇਹੀ ਦੱਸਦਾ ਸੀ ਕਿ ਇਹ ਦਲ ਕਿਸੇ ਵੀ ਤਰ੍ਹਾਂ ਕੇਂਦਰ ਦੀ ਨਾਰਾਜ਼ਗੀ ਨਹੀਂ ਸਹੇੜਨਾ ਚਾਹੁੰਦਾ ਅਤੇ ਇਸ ਬਦਲੇ ਪੰਜਾਬ ਦੇ ਹਿਤ ਕੁਰਬਾਨ ਕਰਨ ਨੂੰ ਪਹਿਲ ਦਿੰਦਾ ਰਿਹਾ ਹੈ।

ਸਾਂਝੇ ਅਕਾਲੀ ਦਲ ਦਾ ਵੀ ਇਸ ਨਾਲੋਂ ਵੱਖਰਾ ਹਸ਼ਰ ਨਹੀਂ ਰਿਹਾ। ਪਹਿਲਾਂ ਇਸ ਦਲ ਦੇ ਸਾਰੇ ਨੇਤਾਵਾਂ ਵਲੋਂ ਪੰਜਾਬ ਸਮਝੌਤਾ ਮੰਨ ਕੇ ਚੋਣਾਂ ਲੜਨੀਆਂ ਪਰ ਬਾਅਦ 'ਚ ਕੁਰਸੀ ਦਾ ਮਾਮਲਾ ਹੱਲ ਨਾ ਹੋਣ ਤੇ ਫੇਰ ਦਲ ਨੂੰ ਦੋਫਾੜ ਕਰ ਦਿੱਤਾ ਗਿਆ। ਇਸ ਦਲ ਦੇ ਨੇਤਾਵਾਂ ਵਿਚੋਂ ਅਮਰਿੰਦਰ ਸਿੰਘ ਦੀ ਬੋਲੀ ਪੰਜਾਬ 'ਚ ਹੋਰ ਰਹੀ ਹੈ ਤੇ ਦਿੱਲੀ 'ਚ ਹੋਰ। ਅਜੇ ਕੁਝ ਦਿਨ ਪਹਿਲਾਂ ਦੀ ਗੱਲ ਹੈ ਕਿ ਇਹ ਦਲ ਖੁਦ ਕੇਂਦਰ ਨਾਲ ਗੱਲਬਾਤ ਕਰਨ ਤੇ ਪੰਜਾਬ ਦੇ ਮੁਖ ਮੰਤਰੀ ਦੀ ਕੁਰਸੀ ਕਿਸ ਨੂੰ ਮਿਲੇ ? ਦਲ ਦੀ ਪ੍ਰਧਾਨਗੀ ਕਿਸ ਕੋਲ ਹੋਵੇ ? ਆਦਿ ਮਸਲਿਆਂ 'ਤੇ ਦੋਫਾੜ ਹੋਣ ਤੋਂ ਮੁਸ਼ਕਲ ਨਾਲ ਹੀ ਬਚਿਆ ਹੈ। ਕੇਂਦਰ ਖਿਲਾਫ ਕੋਈ ਅਮਲੀ ਜਦੋਜਹਿਦ ਕਰਨ ਦੀ ਬਜਾਏ ਇਹ ਦਲ ਬਰ ਨਾਲਾ ਗਰੁਪ ਨੂੰ ਕੁਰਸੀ ਤੋਂ ਲਾਹੁਣ ਲਈ ਹੀ ਸਰਗਰਮ ਰਿਹਾ ਹੈ। ਇਕ ਪਾਸੇ ਇਹ ਗਰਮ ਖਿਆਲੀ ਨੌਜਵਾਨਾਂ ਨੂੰ ਖੁਸ਼ ਰੱਖਣ ਲਈ ਉਨ੍ਹਾਂ ਦੇ ਪਰੋਗਰਾਮਾਂ ਅਤੇ ਇਥੋਂ ਤੱਕ 26 ਜਨਵਰੀ ਦੇ ਸਰਬੱਤ ਖਾਲਸਾ 'ਚ ਸ਼ਾਮਲ ਹੁੰਦਾ ਰਿਹਾ ਹੈ ਅਤੇ ਦੂਜੇ ਪਾਸੇ ਕੇਂਦਰ ਨਾਲ ਸਾਂਢ-ਗਾਂਢ ਕਰਨ ਲਈ ਉਸ ਨਾਲ ਤਾਲਮੇਲ ਰੱਖਦਾ ਰਿਹਾ ਹੈ।

ਅਕਾਲੀ ਦਲ ਦਾ ਪਿਛਲਾ ਇਤਿਹਾਸ ਵੀ ਦੱਸਦਾ ਹੈ ਕਿ ਇਹ ਕਦੇ ਕਾਂਗਰਸ ਨਾਲ ਇਕ ਹੋ ਕੇ ਚਲਦਾ ਰਿਹਾ ਹੈ ਤੇ ਕਦੇ ਫੇਰ ਬਾਹਰ ਆਉਂਦਾ ਰਿਹਾ ਹੈ। 1947 ਤੇ 1956 'ਚ ਅਕਾਲੀ ਦਲ ਨੇ ਕਾਂਗਰਸ ਦੀਆਂ ਟਿਕਟਾਂ 'ਤੇ ਚੋਣਾਂ ਲੜੀਆਂ। ਕਾਂਗਰਸੀ ਸਰਕਾਰਾਂ 'ਚ ਭਾਈਵਾਲ ਬਣੇ। ਬਲਦੇਵ ਸਿੰਘ ਕੇਂਦਰੀ ਰੱਖਿਆ ਮੰਤਰੀ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਸਾਬਕਾ ਲੋਕ ਸਭਾ ਸਪੀਕਰ, ਬੂਟਾ ਸਿੰਘ, ਗੁਰਨਾਮ ਸਿੰਘ ਤੇ ਸਵਰਨ ਸਿੰਘ ਵਰਗੇ ਲੀਡਰ ਅਕਾਲੀ ਦਲ 'ਚੋਂ ਕਾਂਗਰਸ ਵਿਚ ਗਏ ਸਨ। ਇਹ ਲੀਡਰ ਵੀ ਅਕਾਲੀ ਦਲ ਦੀਆਂ ਗਲਤ ਨੀਤੀਆਂ ਤੇ ਕਾਂਗਰਸ ਦੀਆਂ ਸੈਕੂਲਰ ਨੀਤੀਆਂ ਨੇ ਨਹੀਂ ਸਨ ਖਿੱਚੇ, ਸਗੋਂ ਕੁਰਸੀ ਨੇ ਹੀ ਖਿੱਚੇ ਸਨ। ਬਿਲਕੁਲ ਏਹੀ ਗੱਲ ਹੁਣ ਬਰਨਾਲਾ ਦਲ ਦੀਆਂ ਇਕਾਈਆਂ ਦੀ ਹੈ। ਬਰਨਾਲਾ ਦਲ ਵਿਚ ਬੈਠੇ ਇਨ੍ਹਾਂ ਬੰਦਿਆਂ ਨੂੰ ਹੁਣ ਤਕ ਪੰਜਾਬ 'ਚ ਮੁੜ ਬਰਨਾਲਾ ਸਰਕਾਰ ਬਣਨ ਦੀ ਆਸ ਸੀ ਪਰ ਹੁਣ ਰਾਸ਼ਟਰਪਤੀ ਰਾਜ ਦੀ ਮਿਆਦ ਵਧਾਉਣ ਨਾਲ ਇਹ ਆਸ ਖਤਮ ਹੋ ਗਈ ਹੈ। ਹੁਣ ਅਗਲੇ ਮਾਰਚ ਵਿਚ ਚੋਣਾਂ ਕਰਾਉਣ ਦੀਆਂ ਸਰਗਰਮ ਹੋਈਆਂ ਅਫਵਾਹਾਂ ਨੇ ਇਨ੍ਹਾਂ ਨੇਤਾਵਾਂ ਨੂੰ ਸਾਂਝੇ ਦਲ 'ਚ ਸ਼ਾਮਲ ਹੋ ਕੇ ਕੁਰਸੀ ਪ੍ਰਾਪਤ ਕਰਨ ਜਾਂ ਕੁਰਸੀ ਦੀ ਨਿੱਘ 'ਚ ਗਰਮ ਰਹਿਣ ਦੀ ਲਾਲਸਾ ਪੈਦਾ ਕਰ ਦਿੱਤੀ ਹੈ। ਆਉਂਦੀਆਂ ਚੋਣਾਂ 'ਚ ਬਰਨਾਲਾ ਦਲ ਦਾ ਹਨ੍ਹੇਰਾ ਭਵਿੱਖ ਤੇ ਸਿੱਟੇ ਵਜੋਂ ਲੋਕਾਂ 'ਚੋਂ ਕਟੀ ਹੋਈ ਪਾਰਟੀ ਨੂੰ ਕੁਰਸੀ ਨਾ ਮਿਲਣ ਦੇ ਅੰਦਾਜ਼ੇ ਨੇ ਹੀ ਇਸ ਦਲਬਦਲੀ ਕਰਨ ਦੇ ਰੁਝਾਨ 'ਚ ਹਵਾ ਭਰੀ ਹੈ। ਇਸ ਕਰਕੇ ਇਸ ਦਲਬਦਲੀ ਨੂੰ ਸਿਆਸੀ ਹਲਕੇ ਪਹਿਲੇ ਰੁਝਾਨ ਦਾ ਹੀ ਅੰਗ ਮੰਨਦੇ ਹਨ।

ਕੀ ਸਾਂਝਾ ਅਕਾਲੀ ਦਲ ਪੰਜਾਬ ਮਸਲੇ ਦਾ ਢੁਕਵਾਂ ਹੱਲ ਪੇਸ਼ ਕਰ ਸਕੇਗਾ ? ਇਹ ਸਵਾਲ ਵੀ ਸਾਂਝੇ ਦਲ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰਦਾ ਹੈ। ਜਿਥੋਂ ਤੱਕ ਪੰਜਾਬ ਦੀਆਂ ਮੰਗਾਂ ਦਾ ਤੁਅਲਕ ਹੈ, ਸਾਂਝਾ ਦਲ ਵੀ ਇਨ੍ਹਾਂ ਮੰਗਾਂ ਬਾਰੇ ਓਨਾ ਫਿਕਰਮੰਦ ਨਹੀਂ, ਜਿੰਨਾ ਗੱਲਬਾਤ ਕਰਕੇ ਕੁਰਸੀ ਲੈਣ ਦਾ। ਜਦੋਂ ਵੀ ਇਸ ਦਲ ਨੂੰ ਕੁਰਸੀ ਮਿਲਣ ਦਾ ਮੌਕਾ ਨੇੜੇ ਆਉਂਦਾ ਲੱਗਿਆ, ਉਸੇ ਸਮੇਂ ਇਹ ਫੁੱਟ ਫੇਰ ਉਭਰ ਸਕਦੀ ਹੈ। ਇਸ ਦਾ ਕਾਰਨ ਪੰਜਾਬ ਬਾਰੇ ਇਸ ਦਲ ਦੀ ਵੀ ਸਪਸ਼ਟ ਨੀਤੀ ਨਾ ਹੋਣਾ ਹੈ। ਪਿਛਲੇ ਸਮੇਂ 'ਚ ਜਦੋਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਕੇਂਦਰ ਨੇ ਤੋੜ ਦਿੱਤੀ ਸੀ ਤਦ ਹੀ ਇਹ ਦਲ ਆਨੰਦਪੁਰ ਦਾ ਮਤਾ ਲੈ ਕੇ ਸਾਹਮਣੇ ਆਇਆ ਸੀ ਪਰ ਜਦੋਂ 1977 'ਚ ਸਰਕਾਰ ਬਣ ਗਈ ਤਦ ਇਸ ਨੇ ਆਨੰਦਪੁਰ ਦੇ ਮਤੇ ਨੂੰ ਨਵੇਂ ਰੂਪ 'ਚ ਪੇਸ਼ ਕਰਕੇ ਮੰਗਾਂ ਬਾਰੇ ਚੁੱਪ ਵੱਟ ਲਈ ਸੀ। 1980 ਵਿਚ ਦੁਬਾਰਾ ਅਕਾਲੀ ਸਰਕਾਰ ਤੋੜਨ ਤੋਂ ਬਾਅਦ ਹੀ ਇਸ ਦਲ ਵਲੋਂ ਦੁਬਾਰਾ ਮੋਰਚਾ ਸ਼ੁਰੂ ਕੀਤਾ ਗਿਆ ਸੀ। ਪੰਜਾਬ ਸਮਝੌਤੇ ਨੂੰ ਪ੍ਰਵਾਨ ਕਰਕੇ ਲੜੀਆਂ ਚੋਣਾਂ ਤੋਂ ਬਾਅਦ ਇਹ ਗਰੁਪ ਫੇਰ ਪੰਜਾਬ ਸਮਝੌਤੇ ਨੂੰ ਰੱਦ ਕਰਦਾ ਰਿਹਾ ਹੈ। ਗੱਲ ਕੀ, ਕੁਰਸੀ ਮਿਲਦਿਆਂ ਹੀ ਕੇਂਦਰ ਦੇ ਹੇਠ ਲਗ ਕੇ ਚੁਪ ਵੱਟਣੀ ਤੇ ਕੁਰਸੀ ਖੁਸਦਿਆਂ ਹੀ ਮੋਰਚਾ ਸ਼ੁਰੂ ਕਰਨ ਦਾ ਪਰੋਗਰਾਮ ਬਣਾਇਆ ਜਾਂਦਾ ਹੈ।

## ਅੰਦਰਲੀ ਫੁੱਟ

ਅਸਲੀਅਤ ਇਹ ਹੈ ਕਿ ਜਿੰਨਾ ਚਿਰ ਅਕਾਲੀ ਦਲਾਂ ਦੀ ਗੱਲ ਕੁਰਸੀ ਦੁਆਲੇ ਘੁੰਮਦੀ ਰਹੇਗੀ, ਓਨਾ ਚਿਰ ਨਾ ਤਾਂ ਇਹ ਸਾਰੇ ਦਲ ਕੇਂਦਰ ਤੋਂ ਪੰਜਾਬ ਲਈ ਕੁਝ ਮੰਨਵਾ ਸਕਦੇ ਹਨ ਤੇ ਨਾ ਹੀ ਆਪਣੀ ਅੰਦਰਲੀ ਫੁੱਟ ਨੂੰ ਰੋਕ ਸਕਣਗੇ।


ACE TAX & ACCOUNTING, SERVICES LTD.

15th Anniversary Sweepstake
Details at your local
ACE Tax & Accounting Services Ltd.

ਹਿਸਾਬ ਕਿਤਾਬ ਰੱਖਣਾ — Book Keeping
ਤਨਖਾਹ ਦਾ ਹਿਸਾਬ — Pay Roll
ਕੰਪਨੀ ਬਣਾਉਣਾ — Company Formation
ਵਪਾਰ ਲਈ ਆਮ ਸੇਵਾਵਾਂ — General Business Services
ਸਮਾਂ ਨੀਯਤ ਕਰਨਾ ਜ਼ਰੂਰੀ ਨਹੀਂ — No Appointment Required
ਸ਼ਮਸ਼ ਵਿਰਜ਼ੀ ਨੂੰ ਮਿਲੋ — See SHAMSH VIRJI

First Prize Return Air Ticket to Delhi
Second Prize VCR Video

ACE TAX & ACCOUNTING SERVICE LTD.

2202 Main St. (At 6th Ave.)
Vancouver, B.C. V5T 3C7
Phone 879-9644

Clearbrook
#5—2599 Cedar Park Place
Ph. 852-3141

9385—120th St.
Delta, B.C. V4C 6R9
Phone 583-2110




# ਫ਼ਿਲਮ ਜਗਤ ਦੇ ਸਾਲ '88 'ਚ ਕੁੰਢੀਆਂ ਦੇ ਸਿੰਗ ਫਸਣਗੇ ...



ਨਵੇਂ ਸਾਲ ਤੇ ਬੀਤੇ ਸਾਲ ਦਾ ਆਪਸੀ ਗੂੜ੍ਹਾ ਸਬੰਧ ਹੁੰਦਾ ਹੈ। ਬੀਤੇ ਵਰ੍ਹੇ 'ਚ ਸਮੇਂ ਸਮੇਂ ਸਿਰ ਹੋਏ ਫਿਲਮੀ ਐਲਾਨਾਮਿਆਂ ਨੇ ਨਵੇਂ ਵਰ੍ਹੇ 'ਚ ਅਮਲੀ ਰੂਪ ਧਾਰਨ ਕਰਨਾ ਹੈ ਤੇ ਨਾਲ ਹੀ ਕਈ ਦਾਅਵਿਆਂ ਨੇ ਨਿਰੀਪੋਰੀ ਲਿਫਾਫੇਬਾਜ਼ੀ ਸਿੱਧ ਹੋਣਾ ਹੁੰਦਾ ਹੈ। ਸਮੇਂ ਨੇ ਆਪੇ ਹੀ ਸੱਚ ਨੂੰ ਨਿਤਾਰ ਦੇਣਾ ਹੈ ਕਿ ਸਾਲ '87 ਦੇ ਫਿਲਮੀ ਉਤਰਾ-ਚੜ੍ਹਾਅ ਦੀ ਗੱਲ, ਅਸੀਂ ਸਾਲ ਦੇ ਅੱਧ ਵਿਚ ਹੀ ਕਰ ਲਈ ਸੀ ਅਤੇ ਉਦੋਂ ਦੇਖਿਆ ਸੀ ਕਿ 'ਹਕੂਮਤ', 'ਆਗ ਹੀ ਆਗ', 'ਪ੍ਰਤੀਘਾਤ' ਤੇ 'ਸੰਸਾਰ' ਵਰਗੀਆਂ ਫਿਲਮਾਂ ਸੁਪਰਹਿਟ ਸਾਬਤ ਹੋਈਆਂ ਸਨ ਜਦ ਕਿ 'ਕਲਯੁਗ ਕੀ ਰਮਾਇਣ' ਤੇ 'ਦਿਲਰੁਬਾ ਤਾਂਗੇਵਾਲੀ' ਬਹੁਤ ਬਕਵਾਸ ਫਿਲਮਾਂ ਗਰਦਾਨੀਆਂ ਗਈਆਂ ਸਨ।

ਬੀਤੇ ਸਾਲੇ ਦੇ ਪਿਛਲੇ ਅੱਧ ਦੀਆਂ ਫਿਲਮਾਂ 'ਤੇ ਨਜ਼ਰ ਮਾਰੀਏ ਤਾਂ ਦੇਖਦੇ ਹਾਂ ਕਿ 'ਖੁਦਗਰਜ਼' ਤੇ 'ਸਤਯਮੇਵ ਜਯਤੇ' ਕਮਰਸ਼ਲ ਤੌਰ 'ਤੇ ਕਾਫੀ ਚੰਗੀਆਂ ਫਿਲਮਾਂ ਗਿਣੀਆਂ ਗਈਆਂ ਅਤੇ ਦੂਜੇ ਪਾਸੇ 'ਜਲ੍ਹਿਆਂਵਾਲਾ ਬਾਗ' 'ਕਾਮਯਾਬੀ' ਬੁਰੀ ਤਰ੍ਹਾਂ ਫੇਲ ਹੋਈਆਂ।

ਜੇਕਰ ਬੀਤੇ ਵਰ੍ਹੇ ਦੀਆਂ ਫਿਲਮਾਂ (ਨਾਜ਼ਿਕਰੇ ਯੋਗ ਫਿਲਮਾਂ ਨੂੰ ਛੱਡ ਕੇ) ਦਾ ਵਰਗੀਕਰਨ ਕਰਨਾ ਹੋਵੇ ਤਾਂ ਇਸ ਪ੍ਰਕਾਰ ਬਣਦਾ ਹੈ :

**ਸਫਲ ਫਿਲਮਾਂ —**

ਲੋਹਾ, ਦਾਦਾਗਿਰੀ, ਜਵਾਬ ਹਮ ਦੇਂਗੇ, ਹਕੂਮਤ, ਆਗ ਹੀ ਆਗ, ਪ੍ਰਤੀਘਾਤ, ਸੰਸਾਰ, ਕੁਦਰਤ ਕਾ ਕਾਨੂੰਨ, ਉਤਰ ਦੱਖਣ, ਪੁਸ਼ਪਕ, ਇਨਸਾਫ ਕੌਣ ਕਰੇਗਾ, ਖੁਦਗਰਜ਼, ਕੱਚੀ ਕਲੀ, ਸਿੰਧੂਰ, ਇਨਸਾਫ ਕੀ ਪੁਕਾਰ,

**ਅਸਫਲ ਫਿਲਮਾਂ —**

ਜਲਵਾ, ਸੂਤਰਧਾਰ, ਅੰਜਾਮ, ਇਨਾਮ ਦਸ ਹਜ਼ਾਰ, ਮਾਂ ਬੇਟੀ, ਇਤਿਹਾਸ, ਪਿਆਰ ਕਰਕੇ ਦੇਖੋ, ਮੇਰਾ ਲਹੂ, ਡਕੈਤ, ਯਾਦੋਂ ਕੀ ਜ਼ੰਜ਼ੀਰ, ਦੀਵਾਨਾ ਤੇਰੇ ਨਾਮ ਕਾ, ਅਵਾਮ, ਹਿੰਮਤ ਔਰ ਮਿਹਨਤ, ਸ਼ੀਲਾ, ਮਾਸ਼ੂਕਾ।

ਦਰਮਿਆਨੀ ਕਿਸਮ ਦੀਆਂ ਫਿਲਮਾਂ ਵਿਚ 'ਕੌਨ ਕਿਤਨੇ ਪਾਨੀ ਮੇਂ', 'ਡਾਕੂ ਹੁਸੀਨਾ', 'ਜਾਨ ਹਥੇਲੀ ਪੇ' ਤੇ 'ਔਲਾਦ' ਆਉਂਦੀਆਂ ਹਨ। ਬਹੁਤ ਮਾੜੀਆਂ ਫਿਲਮਾਂ ਦੇ ਵਰਗ 'ਚ 'ਝਾਂਜਰ', 'ਹਮਾਰੀ ਜੰਗ', 'ਦਿਲਰੁਬਾ ਤਾਂਗੇਵਾਲੀ', 'ਵਹਿਮ' ਅਤੇ 'ਕਲਯੁਗ ਕੀ ਰਮਾਇਣ' ਨੂੰ ਰੱਖਣਾ ਚਾਹੀਦਾ ਹੈ।

ਸਾਲ 88 ਵਿਚ ਕਿਹੜੇ ਅਭਿਨੇਤਾ/ਅਭਿਨੇਤਰੀਆਂ ਦਾ ਕੈਰੀਅਰ ਸੁਰੱਖਿਅਤ ਹੈ, ਕਿਹੜਿਆਂ ਦਾ ਡਾਵਾਂਡੋਲ ਹੈ ਤੇ ਕਿਹੜਿਆਂ ਦਾ ਪ੍ਰਭਾਵ ਫਿੱਕਾ ਪੈਣ ਦਾ ਖਦਸ਼ਾ ਹੈ, ਇਹ ਸਾਰਾ ਕੁਝ ਦੇਖਣਾ ਬਣਦਾ ਹੈ।





ਅਭਿਨੇਤਾਵਾਂ ਵਿਚੋਂ ਪਹਿਲੇ ਤਿੰਨ ਨਾਂਅ ਉਭਰਦੇ ਹਨ ਅਮਿਤਾਬ ਬਚਨ, ਧਰਮਿੰਦਰ ਤੇ ਵਿਨੋਦ ਖੰਨਾ ਦੇ। ਇਸ ਵੇਲੇ ਅਮਿਤਾਬ ਕੋਲ 'ਸ਼ਹਿਨਸ਼ਾਹ' ਮੁਕੰਮਲ ਹੈ ਅਤੇ 'ਗੰਗਾ ਜਮਨਾ ਸਰਸਵਤੀ' 'ਤੂਫਾਨ', 'ਅਜੂਬਾ' ਆਦਿ ਤੇਜ਼ੀ ਨਾਲ ਬਣ ਗਈਆਂ ਹਨ ਜਦ ਕਿ ਪ੍ਰਕਾਸ਼ ਮਹਿਰਾ ਨੇ ਉਸ ਨੂੰ ਲੈ ਕੇ 'ਸਾਧੂ ਸੰਤ', 'ਜਾਦੂਗਰ', ਦਾ ਨਿਰਮਾਣ ਆਰੰਭ ਦਿੱਤਾ ਹੈ। ਇਉਂ ਅਮਿਤਾਬ ਕੋਲ ਇਕ ਦਰਜਨ ਫਿਲਮਾਂ ਹਨ। ਇਨ੍ਹਾਂ 'ਚੋਂ ਉਸ ਦੀਆਂ ਅੱਧੀਆਂ ਫਿਲਮਾਂ ਵੀ ਭਾਵੇਂ ਫੇਲ੍ਹ ਹੋ ਜਾਣ ਤੇ ਦੋ ਚਾਰ ਹੀ ਸਫਲ ਹੋ ਗਈਆਂ ਤਾਂ ਉਹ ਨਿਸਚੇ ਹੀ ਇਕ ਨੰਬਰ ਦੀ ਸੀਟ 'ਤੇ ਡਟਿਆ ਰਹੇਗਾ ਤੇ ਡਾਇਰੈਕਟਰ-ਪ੍ਰੋਡਿਊਸਰ ਉਸ ਨੂੰ ਹੱਸ ਕੇ ਪੌਣਾ ਕਰੋੜ ਰੁਪਿਆ ਪ੍ਰਤੀ ਫਿਲਮ ਦਾ ਦਿੰਦੇ ਰਹਿਣਗੇ। ਧਰਮਿੰਦਰ ਤੇ ਵਿਨੋਦ ਖੰਨਾ ਵਿਚ ਸਿਹਤਮੰਦ ਮੁਕਾਬਲਾ ਬਣ ਗਿਆ। ਕੀਮਤ ਪੱਖੋਂ ਵੀ ਉਹ ਦੋਹੇਂ ਬਰਾਬਰ ਹਨ। ਸਗੋਂ ਉਨ੍ਹਾਂ ਦੋਹਾਂ ਨੂੰ ਇਕੱਠਿਆਂ ਲੈ ਕੇ ਵੀ 'ਬਟਵਾਰਾ' ਤੇ 'ਫਰਿਸ਼ਤੇ' ਵਰਗੀਆਂ ਫਿਲਮਾਂ ਬਣ ਗਈਆਂ ਹਨ। ਸਾਰੀਆਂ ਦੀਆਂ ਸਾਰੀਆਂ ਤਾਂ ਕਦੇ ਕਿਸੇ ਦੀਆਂ ਹਿੱਟ ਹੁੰਦੀਆਂ ਹੀ ਨਹੀਂ ਪਰ ਜਿਵੇਂ ਧਰਮਿੰਦਰ ਤੇ ਵਿਨੋਦ ਖੰਨਾ ਦਰਜਨਾਂ ਫਿਲਮਾਂ ਆਪਣੀਆਂ ਪਟਾਰੀਆਂ ਵਿਚ ਪਾਈ ਬੈਠੇ ਹਨ, ਉਨ੍ਹਾਂ 'ਚੋਂ ਦਸਾਂ ਫਿਲਮਾਂ ਮਗਰ ਇਕ ਫਿਲਮ ਵੀ ਹਿੱਟ ਹੁੰਦੀ ਰਹੀ ਤਾਂ ਯਕੀਨਨ ਉਨ੍ਹਾਂ ਦੋਹਾਂ ਨੂੰ ਸਾਲ '88 ਤਾਂ ਕੀ ਸਾਲ 92-94 ਤਕ ਕੋਈ ਤਾਕਤ ਹਿਲਾ ਨਹੀਂ ਸਕਦੀ। ਇਸ ਮਾਮਲੇ ਵਿਚ ਕਾਫੀ ਤੇਜ਼ੀ ਆ ਗਈ ਹੈ ਤੇ ਨਵੇਂ ਵਰ੍ਹੇ ਵਿਚ ਇਸ ਮਾਮਲੇ ਵਿਚ ਚੌਥੇ ਨੰਬਰ ਤੇ ਆਉਂਦਾ ਹੈ ਸ਼ਤਰੂਘਨ ਸਿਨਹਾ। ਉਸ ਦੀ ਮਾਰਕਿਟ ਵਿਚ ਕਾਫੀ ਤੇਜ਼ੀ ਆ ਗਈ ਹੈ ਤੇ ਨਵੇਂ ਵਰ੍ਹੇ ਵਿਚ ਉਸਦਾ ਜ਼ਿਕਰ ਚਲਦਾ ਰਹੇਗਾ।



ਹਾਂ, ਜਤਿੰਦਰ ਦੀਆਂ ਫਿਲਮਾਂ ਦਾ ਲਗਾਤਾਰ ਫੇਲ੍ਹ ਹੁੰਦੇ ਜਾਣਾ ਉਸਦੇ ਕੈਰੀਅਰ ਨੂੰ ਧੱਕਾ ਲਾਵੇਗਾ। ਜਾਪਦਾ ਹੈ ਕਿ 72 ਹਜ਼ਾਰ ਰੁਪਏ ਪ੍ਰਤੀ ਦਿਹਾੜੀ ਦੀ ਉਹਦੀ ਸ਼ਰਤ ਹੁਣ ਬਹੁਤੀ ਦੇਰ ਨਹੀਂ ਪੁੱਗੇਗੀ। ਜੇ ਉਹਨੇ ਸਿਆਣਪ ਤੋਂ ਕੰਮ ਨਾ ਲਿਆ ਤਾਂ ਉਹਦੇ ਤਿਲਕਣ ਦਾ ਖਦਸ਼ਾ ਹੈ। ਰਾਜੇਸ਼ ਖੰਨਾ ਅੱਜ ਦੀ ਤਾਰੀਖ 'ਖ ਜ਼ੀਰੋ ਹੈ। ਉਸਨੂੰ ਦਿਨੋ-ਦਿਨ ਫਿੱਕਾ ਪੈਂਦਾ ਦੇਖਾਂਗੇ। ਮਿਠੁਨ ਚਕਰਵਰਤੀ 'ਬੀ' ਵਰਗ ਤੋਂ 'ਏ' ਵਰਗ 'ਚ ਆ ਗਿਆ ਸੀ, ਪਰ ਇਥੇ ਉਸਨੂੰ ਡਟ ਕੇ ਖੜੋਣ 'ਚ ਮੁਸ਼ਕਿਲ ਪੇਸ਼ ਆ ਰਹੀ ਹੈ ਕਿਉਂਕਿ ਇਥੇ ਵਿਨੋਦ ਖੰਨਾ ਜਿਉਂ ਪਸਰ ਕੇ ਖੜੋਤਾ ਹੈ। ਪਰ ਮਿਠੁਨ ਹੁਣ ਪਿਛੇ ਵੀ ਨਹੀਂ ਮੁੜ ਸਕਦਾ ਕਿਉਂ ਜੋ ਪਿਛਲੇ ਪਾਸਿਓਂ ਚੰਕੀ ਪਾਂਡੇ ਤੇ ਗੋਵਿੰਦਾ ਉਸ ਨੂੰ ਧੱਕੇ ਮਾਰਦੇ ਆ ਰਹੇ ਹਨ। ਫਿਰ ਵੀ ਮਿਠੁਨ ਆਪਣੀ ਅਦਾਕਾਰੀ ਦੇ ਸਿਰ 'ਤੇ ਨਹੁੰ ਅੜਾਈ ਖੜਾ ਹੈ ਅਤੇ ਉਸ ਕੋਲੋਂ ਭਵਿੱਖ 'ਚ ਆਸਾਂ ਹਨ। ਜੈਕੀ ਸ਼ਰਾਫ ਤੇ ਰਾਜ ਬੱਬਰ ਦਿਨੋਂ-ਦਿਨ ਨਿਰਾਸ਼ ਕਰ ਰਹੇ ਹਨ। ਉਨ੍ਹਾਂ ਦੋਨਾਂ ਨੂੰ ਅਗਲੇ ਦਿਨਾਂ 'ਚ ਡਿੱਗਣ ਤੋਂ ਬਚਾਉਣ ਲਈ ਕੋਈ ਕ੍ਰਿਸ਼ਮਾ ਹੋ ਜਾਵੇ ਤਾਂ ਕੀ ਕਹਿਣਾ, ਵਰਨਾ ਉਹ ਗਏ ਕਿ ਗਏ। ਅਨਿਲ ਕਪੂਰ ਕੋਲ ਦੋ ਵੱਡੇ ਬੈਨਰਾਂ ਸੁਭਾਸ਼ ਘਈ ਤੇ ਸ਼ੇਖਰ ਕਪੂਰ ਦੀਆਂ ਫਿਲਮਾਂ ਹਨ, ਇਸ ਲਈ ਉਹ ਠਾਠਬਾਠ ਨਾਲ ਸਾਲ 88 'ਚ ਤੁਰ ਸਕਦਾ ਹੈ, ਨੱਚ ਸਕਦਾ ਹੈ, ਅਠਖੇਲੀਆਂ ਕਰ ਸਕਦਾ ਹੈ। ਸੰਜੇ ਦੱਤ ਦੇ ਕੈਰੀਅਰ ਬਾਰੇ ਦੋ ਰਾਵਾਂ ਹਨ, ਉਸ ਕੋਲ ਚੰਗੇ ਬੈਨਰਾਂ ਦੀਆਂ ਫਿਲਮਾਂ ਹਨ ਜ਼ਰੂਰ ਪਰ ਨਾਲ ਹੀ ਨਾਲ ਸਖਤ ਮੁਕਾਬਲਾ ਵੀ ਕਰਨਾ ਪੈ ਰਿਹਾ ਹੈ। ਗੋਵਿੰਦਾ ਕੋਲ ਫਿਲਮਾਂ ਦੀ ਗਿਣਤੀ ਹੀ ਗਿਣਤੀ ਹੈ, ਉਹ ਦੀਆਂ ਫਿਲਮਾਂ ਚੱਲ ਨਹੀਂ ਰਹੀਆਂ ਤੇ ਜੋ ਚੱਲੀਆਂ ਉਨ੍ਹਾਂ ਦਾ ਸਿਹਰਾ ਹੋਰਨਾਂ ਨੂੰ ਮਿਲਦਾ ਰਿਹਾ। ਨਵੇਂ ਵਰ੍ਹੇ ਵਿਚ ਉਹਦੀਆਂ ਦੋ-ਤਿੰਨ ਧੜੱਲੇਦਾਰ ਫਿਲਮਾਂ ਆ ਜਾਣ ਤਾਂ ਉਹ ਇਕ ਦਹਾਕਾ ਛਾਇਆ ਰਹੇਗਾ ਵਰਨਾ ਚੰਕੀ ਪਾਂਡੇ ਨੇ ਜੇਕਰ 'ਆਗ ਹੀ ਆਗ' ਵਰਗੀਆਂ ਨਵੇਂ ਵਰ੍ਹੇ 'ਚ ਇਕ-ਦੋ ਫਿਲਮਾਂ ਦੇ ਦਿੱਤੀਆਂ ਤਾਂ ਗੋਵਿੰਦਾ ਪਛੜ ਜਾਵੇਗਾ। ਸੰਨੀ ਦਿਓਲ ਨੇ ਨਵੇਂ ਸਿਰਿਓਂ ਉਮੀਦਾਂ ਬੰਨ੍ਹਾਈਆਂ ਹਨ, ਉਸ ਕੋਲ 'ਪਾਪ ਦੀ ਦੁਨੀਆਂ', 'ਘਾਇਲ', 'ਯਤੀਮ', 'ਰਾਮ ਅਵਤਾਰ', 'ਜੋਸ਼ੀਲੇ', 'ਵਰਦੀ', 'ਕ੍ਰੋਧ', 'ਤ੍ਰਿਦੇਵ' ਤੇ 'ਜਾਨ ਕੇ ਦੁਸ਼ਮਣ' ਵਰਗੀਆਂ ਇਕ ਦਰਜਨ ਫਿਲਮਾਂ ਹੋ ਗਈਆਂ ਹਨ। ਹੁਣ ਉਸ ਨੂੰ ਵਿਹਲਾ ਕਹਿਣਾ ਫਬਦਾ ਨਹੀਂ ਕਿ ਜਿਵੇਂ ਕਿ ਪਹਿਲਾਂ ਡੇਢ-ਦੋ ਸਾਲ ਆਖਿਆ ਜਾਂਦਾ ਰਿਹਾ। ਕੰਮ ਤਾਂ ਉਸ ਦਾ 'ਡਕੈਤ' 'ਚ ਵੀ ਮਾੜਾ ਨਹੀਂ ਸੀ ਪਰ ਫਿਲਮ ਮਾਰ ਖਾ ਗਈ। ਓਮ ਪੁਰੀ ਵਰਗਾ ਬਹੁਤ ਬਾਰੀਕ ਐਕਟਰ ਸਾਰਥਕ ਫਿਲਮਾਂ ਦੀ ਲਹਿਰ ਦੇ ਮਧਮ ਪੈਣ ਨਾਲ, ਅੱਜ ਕੱਲ੍ਹ ਖਬਰਾਂ 'ਚ ਨਹੀਂ ਹੈ। ਉਸ ਕੋਲ ਕੰਮ ਵੀ ਘਟ ਗਿਆ ਹੈ। ਨਵੇਂ ਸਾਲ ਦੌਰਾਨ ਓਮ ਪੁਰੀ ਦੀਆਂ 'ਵਾਰਿਸ' ਤੇ 'ਆਧਾ ਰਾਮ ਤੇ ਆਧਾ ਰਾਵਣ' ਦੋ ਫਿਲਮਾਂ ਪਰਦੇ ਦੀ ਸ਼ੋਭਾ ਬਣਨਗੀਆਂ। ਓਮਪੁਰੀ ਦੇ ਸਾਥੀ ਨਸੀਰੁਦੀਨ ਸ਼ਾਹ ਨੇ ਭਲੇ ਵੇਲੇ ਸਾਰਥਕ ਫਿਲਮਾਂ ਤੋਂ ਕਮਰਸ਼ਲ ਫਿਲਮਾਂ ਵੱਲ ਛਾਲ ਮਾਰ ਦਿੱਤੀ। ਅਜਿਹੀਆਂ ਫਿਲਮਾਂ 'ਚ ਉਹ ਨਾਇਕ ਵੀ ਆ ਰਿਹਾ ਹੈ ਤੇ ਖਲਨਾਇਕ ਵੀ। ਨਸੀਰ ਦੀਆਂ ਆਉਣ ਵਾਲੀਆਂ ਫਿਲਮਾਂ 'ਚ 'ਐਕਸ਼ਨ', 'ਮਾਲਾਮਾਲ', 'ਜ਼ਿੰਦਾ ਜਲਾ ਦੂੰਗਾ' ਤੇ 'ਫੈਸਲਾ ਆਪ ਕਰੇਂ' ਤੋਂ ਇਲਾਵਾ 'ਦਾ ਪਰਫੈਕਟ ਮਰਡਰ' ਅਤੇ 'ਪੈਸਟਨਜੀ' ਵੀ ਸ਼ਾਮਿਲ ਹਨ।

ਅਭਿਨੇਤਰੀਆਂ 'ਚੋਂ ਪਹਿਲੀਆਂ ਤਿੰਨ ਹਨ : ਸ੍ਰੀ ਦੇਵੀ, ਡਿੰਪਲ ਕਪਾਡੀਆ ਤੇ ਮੀਨਾਕਸ਼ੀ ਸ਼ੇਸ਼ਾਧਰੀ। ਉਨ੍ਹਾਂ ਤਿੰਨਾਂ ਦਾ ਪਿਛਲੇ ਸਾਲ ਵੀ ਸਖਤ ਮੁਕਾਬਲਾ ਰਿਹਾ ਤੇ ਨਵੇਂ ਸਾਲ ਵੀ ਇਝ ਹੀ ਮੁਕਾਬਲਾ ਬਣਿਆ ਰਹਿਣਾ ਹੈ। ਹਾਲ ਦੀ ਘੜੀ ਸ੍ਰੀ ਦੇਵੀ ਨੂੰ 'ਇਕੀ' ਗਿਣਦੇ ਆ ਰਹੇ ਹਨ ਤੇ ਡਿੰਪਲ ਮੀਨਾਕਸ਼ੀ ਨੂੰ 'ਉਨੀ' 'ਉਨੀ'। ਪਰ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਉਨੀ-ਇਕੀ ਦੇ ਫਰਕ 'ਚ ਭਲ੍ਹਕ ਨੂੰ ਡਿੰਪਲ ਜਾਂ ਮੀਨਾਕਸ਼ੀ 'ਇਕੀ' ਹੋ ਜਾਦੀਆਂ ਹਨ ਤੇ ਸ੍ਰੀ ਦੇਵੀ 'ਉਨੀ' ਰਹਿ ਜਾਂਦੀ ਹੈ। ਡਿੰਪਲ ਕਪਾਡੀਆ ਨੇ ਹੁਣੇ ਹੁਣੇ

→

# G & S VANS

(A division of GILL AUTO SALES)

## New Year Sale!

## Install Bench Seats Now

Bench Seats installed **Reg. $350 each** Now $300 each

Install 4 Bench Seats and Save More $

**Reg. $1250** Now $1000

## ALSO MORE SAVINGS

Also all vehicles in stock on Special

SOFA BEDS **Reg. $495 each** Now from $400 each

INTERIORS **Reg. $795** Now From $700

BAY WINDOWS **Reg. $99** Now From $89

CAPTAINS' CHAIRS (Pair) **Reg. $425** Now From $395

CALL 522-2122 COLLECT

## GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM